# 5

# ਮਸੀਹ ਦੇ ਰਾਹੀਂ ਮੇਲ

# (1:21-23)

ਆਇਤਾਂ 21 ਤੋਂ 23 ਵਿਚ ਪੌਲੁਸ ਨੇ ਕੁਲੁੱਸੀਆਂ ਦੇ ਗੁਆਚੇ ਹੋਏ ਹੋਣ ਦੀ ਪਹਿਲੀ ਹਾਲਤ ਦੀ ਗੱਲ ਕੀਤੀ। ਯਿਸੂ ਦੀ ਮੌਤ ਦੇ ਰਾਹੀਂ ਆਪਣੇ ਮੇਲ ਕਰਕੇ ਜੇ ਉਹ ਨਿਹਚਾ ਵਿਚ ਬਣੇ ਰਹਿੰਦੇ ਹਾਂ ਤਾਂ ਉਨ੍ਹਾਂ ਨੂੰ ਖ਼ੁਦਾ ਦੇ ਸਨਮੁੱਖ ਪਵਿੱਤਰ ਅਤੇ ਨਿਰਦੋਸ਼ ਪੇਸ਼ ਕੀਤਾ ਜਾਣਾ ਸੀ।

## ਉਨ੍ਹਾਂ ਦੀ ਪਹਿਲਾਂ ਵਾਲੀ ਹਾਲਤ (1:21)

**[21]ਅਤੇ ਤੁਹਾਨੂੰ ਜਿਹੜੇ ਅੱਗੇ ਅੱਡ ਹੋਏ ਹੋਏ ਅਤੇ ਆਪਣੇ ਕੁਕਰਮਾਂ ਦੇ ਕਾਰਣ ਮਨੋਂ ਵੈਰੀ ਸਾਓ।**

**''ਅੱਗੇ ਅੱਡ ਹੋਏ ਹੋਏ ਅਤੇ ਆਪਣੇ ਕੁਕਰਮਾਂ ਦੇ ਕਾਰਣ ਮਨੋਂ ਵੈਰੀ''** (1:21)

ਪੌਲਸ ਨੇ ਪਹਿਲਾਂ ਉਨ੍ਹਾਂ ਦੀ ਪਹਿਲਾਂ ਵਾਲੀ ਹਾਲਤ ਇਸ ਤਰ੍ਹਾਂ ਬਿਆਨ ਕੀਤੀ: **ਅਤੇ ਤੁਹਾਨੂੰ ਜਿਹੜੇ ਅੱਗੇ ਅੱਡ ਹੋਏ ਹੋਏ ਅਤੇ ਆਪਣੇ ਕੁਕਰਮਾਂ ਦੇ ਕਾਰਣ ਮਨੋਂ ਵੈਰੀ ਸਾਓ।** ਇਸ ਆਇਤ ਤੋਂ ਇਲਾਵਾ ਅਫ਼ਸੀਆਂ 2:12 ਅਤੇ 4:18 ਵਿਚ ਵੀ ''ਅੱਡ ਹੋਏ ਹੋਏ'' (*apallotrioō*) ਮਿਲਦਾ ਹੈ ਜਿੱਥੇ ਇਸ ਦਾ ਅਨੁਵਾਦ ''ਨਿਆਰੇ ਕੀਤੇ ਹੋਏ'' ਹੈ। ਅਫ਼ਸੀਆਂ ਵਿਚ ਇਹ ਖ਼ਾਸਕਰ ਗੈਰਕੌਮਾਂ ਲਈ ਹੈ ਪਰ ਇਥੇ ਇਹ ਕੁਲੁੱਸੀਆਂ ਦੀ ਸੰਗਤੀ ਦੇ ਸੰਦਰਭ ਵਿਚ ਵੱਖੋ ਵੱਖ ਪਿਛੋਕੜ ਵਾਲੇ ਲੋਕਾਂ ਲਈ ਵਿਆਪਕ ਤੌਰ ਤੇ ਹੈ (ਕੁਲੁੱਸੀਆਂ 3:11)। ''ਵੈਰੀ'' (*echthros*) ਦਾ ਅਨੁਵਾਦ ਆਮ ਤੌਰ ਤੇ ''ਵੈਰੀ'' ਹੋਇਆ ਹੈ (ਮੱਤੀ 5:43)। ਅਤੀਤ ਵਿਚ ਕੁਲੁੱਸੀਆਂ ਨੂੰ ਖ਼ੁਦਾ ਤੋਂ ਅੱਡ ਕੀਤਾ ਗਿਆ ਸੀ। ਉਨ੍ਹਾਂ ਦੇ ਮਨ ਉਸ ਦੇ ਵੈਰੀ ਸਨ, ਖ਼ੁਦਾ ਦੀ ਇੱਛਾ ਕਰਕੇ ਨਹੀਂ ਬਲਕਿ ਉਸ ਦੇ ਖ਼ਿਲਾਫ਼ ਉਨ੍ਹਾਂ ਦੀ ਆਪਣੀ ਬਗ਼ਾਵਤ ਕਰਕੇ।

ਉਨ੍ਹਾਂ ਦੇ ਵਿਹਾਰ ਨੇ ਉਨ੍ਹਾਂ ਨੂੰ ਅਜਿਹੇ ਪਾਪ ਭਰੇ ਕੰਮਾਂ ਵਿਚ ਲਾ ਦਿੱਤਾ ਸੀ ਕਿ ਹੋਰਨਾਂ ਸਭ ਲੋਕਾਂ ਵਾਂਗ ਉਨ੍ਹਾਂ ਨੂੰ ਵੀ (ਰੋਮੀਆਂ 3:23), ਪਾਪ ਕਰਕੇ ਖ਼ੁਦਾ ਤੋਂ ਅੱਡ ਕਰ ਦਿੱਤਾ ਗਿਆ ਸੀ (ਯਸਾਯਾਹ 59:1, 2)। ਆਪਣੇ ਬਾਗੀ ਮਨਾਂ ਕਰਕੇ ਉਹ ਖ਼ੁਦਾ ਤੋਂ ਦੂਰ ਹੋ ਗਏ ਸਨ ਜਿਸ ਕਰਕੇ ਉਹ ਉਨ੍ਹਾਂ ਤੋਂ ਦੂਰ ਹੋ ਗਿਆ ਸੀ। ਦੁਸ਼ਟ ਸੋਚ ਚੁਣੌਤੀ ਦੇਣ ਵਾਲੇ ਕੰਮ ਕਰਵਾਉਂਦੀ ਹੈ ਕਿ ਖ਼ੁਦਾ ਉਨ੍ਹਾਂ ਨਾਲ ਜਿਹੜੇ ਉਨ੍ਹਾਂ ਨਾਲ ਵੈਰ ਰੱਖਦੇ ਹਨ, ਵੈਰ ਰੱਖਦਾ ਹੈ (ਲੇਵੀਆਂ ਦੀ ਪੋਥੀ 26:21, 23, 24, 27, 28, 40, 41)। ਦੁਨਿਆਵੀ ਸੋਚ ਉਸ ਮੇਲ ਨੂੰ ਕਬੂਲ ਕਰਨਾ ਮੁਸ਼ਕਿਲ ਬਣਾ ਦਿੰਦੀ ਹੈ ਜਿਹੜਾ ਯਿਸੂ ਨੇ ਸੰਭਵ ਬਣਾਇਆ ਹੈ।

''ਮਨ'' (*dianoia*) ਨੂੰ ਸਮਝ ਅਤੇ ਸੋਚ ਦਾ ਸਰੋਤ ਮੰਨਿਆ ਜਾਂਣਾ ਚਾਹੀਦਾ ਹੈ ਕਈ ਵਾਰ ਇਹ *kardia* ਦਾ ਸਮਾਨਅਰਥੀ ਸ਼ਬਦ ਹੁੰਦਾ ਹੈ ਜਿਹੜਾ ਚੰਗੇ ਜਾਂ ਬੁਰੇ ਕੰਮਾਂ ਦਾ ਸੋਰਤ ਹੋ ਸਕਦਾ ਹੈ। ਬੁਰੇ ਕੰਮਾਂ ਦਾ ਸਬੰਧ ਬੁਰੇ ਵਿਚਾਰਾਂ ਨਾਲ ਹੁੰਦਾ ਹੈ (ਉਤਪਤ 8:21; ਜ਼ਬੂਰ 10:3, 4)।

ਗੈਰਕੌਮਾਂ ਕੋਲ ਖ਼ੁਦਾ ਦੇ ਵਜੂਦ ਦਾ ਭਾਵੇਂ ਲੋੜੀਂਦਾ ਸਬੂਤ ਸੀ ਪਰ ਉਨ੍ਹਾਂ ਨੇ ਖ਼ੁਦਾ ਦੀ ਹਕੀਕਤ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ (ਰੋਮੀਆਂ 1:19, 20)। ਖ਼ੁਦਾ ਨੂੰ ਉਨ੍ਹਾਂ ਦਾ ਠੁਕਰਾਉਣਾ ਜਾਣ

ਬੁੱਝ ਕੇ ਸੀ (ਰੋਮੀਆਂ 1:28)। ਪੌਲੁਸ ਨੇ ਲਿਖਿਆ:

> ਉਪਰੰਤ ਮੈਂ ਇਹ ਆਖਦਾ ਹਾਂ ਅਤੇ ਪ੍ਰਭੂ ਵਿਚ ਗਵਾਹ ਹੋ ਕੇ ਤਗੀਦ ਕਰਦਾ ਹਾਂ ਜੋ ਤੁਸੀਂ ਅਗਾਹਾਂ ਨੂੰ ਅਜਿਹੀ ਚਾਲ ਨਾ ਚੱਲੋ ਜਿਵੇਂ ਪਰਾਈਆਂ ਕੌਮਾਂ ਵੀ ਆਪਣੇ ਬੁੱਧ ਦੇ ਵਿਰਥਾਪੁਣੇ ਨਾਲ ਚੱਲਦੀਆਂ ਹਨ। ਉਨ੍ਹਾਂ ਦੀ ਬੁੱਧ ਅਨ੍ਹੇਰੀ ਹੋਈ ਹੋਈ ਹੈ ਅਤੇ ਉਸ ਅਗਿਆਨ ਦੇ ਕਾਰਣ ਜੋ ਉਨ੍ਹਾਂ ਵਿਚ ਹੈ ਅਤੇ ਆਪਣੇ ਮਨ ਦੀ ਕਠੋਰਤਾ ਦੇ ਕਾਰਣ ਓਹ ਪਰਮੇਸ਼ੁਰ ਦੇ ਜੀਵਨ ਤੋਂ ਅੱਡ ਹੋਏ ਹੋਏ ਹਨ (ਅਫ਼ਸੀਆਂ 4:17, 18)।

ਉਹ ਬੁਰੇ ਬਣ ਗਏ ਕਿਉਂ ਜੋ ਉਨ੍ਹਾਂ ਨੇ ਖ਼ੁਦਾ ਨੂੰ ਆਪਣੇ ਦਿਮਾਗ ਵਿੱਚੋਂ ਕੱਢ ਦਿੱਤਾ ਸੀ (ਰੋਮੀਆਂ 1:28–32)।

ਬੁਰਿਆਈ ਕਰਨ ਵਾਲੇ ਲੋਕ ਖ਼ੁਦਾ ਦੇ ਵੈਰੀ ਹਨ। "ਹੇ ਵਿਭਚਾਰਣੋ, ਕੀ ਤੁਹਾਨੂੰ ਮਲੂਮ ਨਹੀਂ ਭਈ ਸੰਸਾਰ ਦਾ ਮਿੱਤਰਚਾਰਾ ਪਰਮੇਸ਼ੁਰ ਦਾ ਵੈਰ ਹੈ? ਫੇਰ ਜੇ ਕੋਈ ਸੰਸਾਰ ਦਾ ਮਿੱਤਰ ਹੋਇਆ ਚਾਹੁੰਦਾ ਹੈ ਸੋ ਆਪਣੇ ਆਪ ਨੂੰ ਪਰਮੇਸ਼ੁਰ ਦਾ ਵੈਰੀ ਬਣਾਉਂਦਾ ਹੈ" (ਯਾਕੂਬ 4:4)। ਖ਼ੁਦਾ ਨੇ ਯਿਸੂ ਦੀ ਕੁਰਬਾਨੀ ਦੇ ਰਾਹੀਂ ਆਪਣੇ ਵੈਰੀਆਂ ਨਾਲ ਮੇਲ ਸੰਭਵ ਬਣਾਇਆ। "ਕਿਉਂਕਿ ਜਦੋਂ ਅਸੀਂ ਵੈਰੀ ਹੋ ਕੇ ਪਰਮੇਸ਼ੁਰ ਨਾਲ ਉਹ ਦੇ ਪੁੱਤਰ ਦੀ ਮੌਤ ਦੀ ਵਸੀਲੇ ਮਿਲਾਏ ਗਏ ਤਾਂ ਮਿਲਾਏ ਜਾ ਕੇ ਅਸੀਂ ਇਸ ਨਾਲੋਂ ਬਹੁਤ ਵਧ ਕੇ ਉਹ ਦੇ ਜੀਵਨ ਦੇ ਦੁਆਰਾ ਬਚ ਜਾਵਾਂਗੇ" (ਰੋਮੀਆਂ 5:10)।

ਮੇਲ ਦੀ ਲੋੜ ਇਸ ਤੱਥ ਉੱਤੇ ਅਧਾਰਿਤ ਹੈ ਕਿ ਖ਼ੁਦਾ ਪਾਪ ਅਤੇ ਬਗ਼ਾਵਤ ਤੋਂ ਨਫ਼ਰਤ ਕਰਦਾ ਹੈ (ਜ਼ਬੂਰ 5:5; 11:5; ਕਹਾਉਤਾਂ 6:16, 19; ਯਿਰਮਿਯਾਹ 12:8; ਇਬਰਾਨੀਆਂ 1:9)। ਜੇ ਬੁਰਿਆਈ ਕਰਨ ਵਾਲੇ ਲੋਕ ਢੀਠਪੁਣੇ ਨਾਲ ਉਸ ਦੀ ਇੱਛਾ ਨੂੰ ਠੁਕਰਾਉਣ ਵਿਚ ਲੱਗੇ ਰਹਿੰਦੇ ਹਨ ਤਾਂ ਉਹ ਉਨ੍ਹਾਂ ਤੋਂ ਘਿਰਣਾ ਕਰੇਗਾ ਅਤੇ ਫੇਰ ਉਨ੍ਹਾਂ ਨਾਲ ਪਿਆਰ ਨਹੀਂ ਕਰੇਗਾ (ਹੋਸ਼ੇਆ 9:15)। ਉਸ ਦਾ ਕਹਿਰ ਉਨ੍ਹਾਂ ਉੱਤੇ ਬਣਿਆ ਰਹਿੰਦਾ ਹੈ ਜਿਹੜੇ ਯਿਸੂ ਦੀ ਗੱਲ ਮੰਨ ਕੇ ਉਸ ਦੀ ਸਚਿਆਈ ਉੱਤੇ ਨਹੀਂ ਚੱਲਦੇ ਹਨ (ਯੂਹੰਨਾ 3:36; ਰੋਮੀਆਂ 1:18; 2:5, 8; ਅਫ਼ਸੀਆਂ 5:6; ਕੁਲੁੱਸੀਆਂ 3:6)।

ਖ਼ੁਦਾ ਦਾ ਨਿਆਂ ਪਾਪ ਦੀ ਸਜ਼ਾ ਦੀ ਮੰਗ ਕਰਦਾ ਹੈ। ਯਿਸੂ ਦੀ ਮੌਤ ਦੇ ਰਾਹੀਂ ਇਸ ਸ਼ਰਤ ਨੂੰ ਪੂਰਾ ਕੀਤਾ ਗਿਆ ਸੀ, ਇਸ ਕਰਕੇ ਖ਼ੁਦਾ ਉਨ੍ਹਾਂ ਨੂੰ ਜਿਹੜੇ ਯਿਸ ਦਾ ਹੁਕਮ ਮੰਨਦੇ ਹਨ ਕਬੂਲ ਕਰਨ ਲਈ ਤਿਆਰ ਹੈ (ਇਬਰਾਨੀਆਂ 5:9)। ਖ਼ੁਦਾ ਨੇ ਤਾਂ ਪਾਪੀਆਂ ਨੂੰ ਆਪਣੇ ਨਾਲ ਮਿਲਾਉਣ ਲਈ ਆਪਣਾ ਯੋਗਦਾਨ ਦੇ ਦਿੱਤਾ ਹੈ, ਪਰ ਹੁਣ ਉਨ੍ਹਾਂ ਨੂੰ ਆਪਣੇ ਦੁਸ਼ਮਣੀ ਵਾਲੇ ਵਿਹਾਰ ਨੂੰ ਬਦਲ ਕੇ ਮੇਲ ਨੂੰ ਲੱਭਣਾ ਜ਼ਰੂਰੀ ਹੈ।

## ਮਸੀਹ ਦੀ ਮੌਤ ਦੇ ਰਾਹੀਂ ਉਨ੍ਹਾਂ ਦਾ ਮੇਲ (1:22)

**22ਉਸ ਨੇ ਹੁਣ ਉਹ ਦੀ ਮਾਸ ਦੀ ਕਾਇਆ ਨਾਲ ਮੌਤ ਦੇ ਵਸੀਲੇ ਮਿਲਾ ਲਿਆ ਤਾਂ ਜੋ ਉਹ ਤੁਹਾਨੂੰ ਪਵਿੱਤਰ, ਨਿਰਦੋਸ਼, ਅਤੇ ਬੇਇਲਜ਼ਾਮ ਆਪਣੇ ਸਨਮੁਖ ਖੜਾ ਕਰੇ।**

**"ਉਸ ਨੇ ਹੁਣ ਉਹ ਦੀ ਮਾਸ ਦੀ ਕਾਇਆ ਨਾਲ ਮੌਤ ਦੇ ਵਸੀਲੇ ਮਿਲਾ ਲਿਆ"** (1:22)

ਕੁਲੁੱਸੇ ਦੇ ਲੋਕ ਭਾਵੇਂ ਮਨ ਵਿਚ ਖ਼ੁਦਾ ਦੇ ਵੈਰੀ ਸਨ ਅਤੇ ਉਸ ਦਾ ਕ੍ਰੋਧ ਉਨ੍ਹਾਂ ਉੱਤੇ ਸੀ ਪਰ ਯਿਸੂ ਨੇ ਆਪਣੀ ਮੌਤ ਦੇ ਰਾਹੀਂ ਦੋਸਤੀ ਸੰਭਵ ਬਣਾ ਦਿੱਤੀ। ਪੌਲੁਸ ਨੇ ਕਿਹਾ, **ਉਸ ਨੇ ਹੁਣ ਉਹ ਦੀ ਮਾਸ ਦੀ ਕਾਇਆ ਨਾਲ ਮੌਤ ਦੇ ਵਸੀਲੇ ਮਿਲਾ ਲਿਆ**। ਇਹ ਆਇਤ 20 ਦੇ ਵਾਕ ਅੰਸ਼ "ਸਲੀਬ

ਦੇ ਲਹੂ ਦੇ ਰਾਹੀਂ ਮੇਲ ਕਰਾ ਕੇ'' ਨਾਲ ਮਿਲਦਾ ਹੈ। ਯਿਸੂ ਦੀ ਮੌਤ ਨਾਲ ਦੋ ਗੱਲਾਂ ਹੋਈਆਂ:

(1) ਉਸ ਨੇ ਪਾਪ ਦੀ ਰੁਕਾਵਟ ਨੂੰ ਜਿਹੜਾ ਮੇਲ ਵਿਚ ਰੁਕਾਵਟ ਸੀ, ਹਟਾ ਦਿੱਤਾ ਅਤੇ (2) ਆਪਣੇ ਤਰਸ ਅਤੇ ਪ੍ਰੇਮ ਦੇ ਰਾਹੀਂ ਉਸ ਨੇ ਵੈਰੀ ਮਨਾਂ ਵਾਲੇ ਲੋਕਾਂ ਲਈ ਖ਼ੁਦਾ ਦੇ ਸਮਰਪਿਤ ਦੋਸਤ ਹੋਣ ਦਾ ਟੀਚਾ ਦੇ ਦਿੱਤਾ। ਜੇ ਸਲੀਬ ਉੱਤੇ ਆਪਣੀ ਮੌਤ ਦੇ ਰਾਹੀਂ ਵਿਖਾਇਆ ਗਿਆ ਯਿਸੂ ਦਾ ਨਰਮ ਲਗਾਅ ਬਾਗੀ ਮਨੁੱਖ ਜਾਤੀ ਦੇ ਮਨਾਂ ਨੂੰ ਛੂਹ ਨਹੀਂ ਸਕਦਾ, ਸ਼ਾਇਦ ਹੋਰ ਕਿਸੇ ਗੱਲ ਨਾਲ ਉਨ੍ਹਾਂ ਨੂੰ ਖ਼ੁਦਾ ਦੇ ਦੋਸਤ ਨਹੀਂ ਬਣਾਇਆ ਜਾ ਸਕਦਾ। ਇਸ ਤੋਂ ਘੱਟ ਪ੍ਰੇਰਣਾ ਨਾਲ ਆਗਿਆਕਾਰ ਅਬਰਾਹਮ ਨੂੰ ਖ਼ੁਦਾ ਦਾ ਬੁੱਧ ਕਿਹਾ ਗਿਆ ਕਿਉਂਕਿ ਉਹ ਆਪਣੇ ਪੁੱਤਰ ਇਸਹਾਕ ਦੀ ਕੁਰਬਾਨੀ ਦੇਣ ਲਈ ਤਿਆਰ ਸੀ (ਯਾਕੂਬ 2:22, 23)।

ਆਤਮਾ ਦੇ ਰੂਪ ਵਿਚ ਯਿਸੂ ਪਾਪ ਦੀ ਕੁਰਬਾਨੀ ਨਹੀਂ ਬਣ ਸਕਦਾ ਸੀ। ਸਰੀਰ ਦੀ ਮੌਤ ਸਿਰਫ਼ ਮਨੁੱਖ ਨੂੰ ਹੀ ਆ ਸਕਦੀ ਹੈ (ਵੇਖੋ ਮੱਤੀ 10:28)। ਯਿਸੂ ਨੂੰ ਮਨੁੱਖੀ ਦੇਹ ਧਾਰਣ ਕਰਨੀ ਪਈ ਸੀ (ਇਬਰਾਨੀਆਂ 10:5) ਤਾਂ ਜੋ ਉਹ ਸਾਡੇ ਪਾਪਾਂ ਲਈ ਮਰ ਸਕੇ। ਜਾਨਵਰਾਂ ਦੀ ਕੁਰਬਾਨੀ ਜਿਹੜੀ ਪਾਪਾਂ ਨੂੰ ਹਟਾ ਨਹੀਂ ਸਕਦੀ ਸੀ ਨਿਰੀ ਯਿਸੂ ਦੀ ਆਉਣ ਵਾਲੀ ਮੌਤ ਦਾ ਪਰਛਾਵਾਂ ਸੀ (ਇਬਰਾਨੀਆਂ 10:1–4)। ਆਪਣੀ ਦੇਹ ਦੀ ਮੌਤ ਦੇ ਰਾਹੀਂ ਯਿਸੂ ਨੇ ਖ਼ੁਦਾ ਦੀ ਹਜ਼ੂਰੀ ਵਿਚ ਜਾਣ ਦਾ ਰਾਹ ਖੋਲ੍ਹ ਦਿੱਤਾ (ਇਬਰਾਨੀਆਂ 10:19, 20)।

''ਮਾਸ ਦੀ ਕਾਇਆ'' (*to sōma tēs sarkos,* ''ਮਾਸ ਦੀ ਦੇਹ'') ਸ਼ਬਦ ਉਨ੍ਹਾਂ ਮਸੀਹ ਵਿਰੋਧੀਆਂ ਦੀ ਸਿੱਖਿਆ ਦਾ ਜਵਾਬ ਹਨ ਜਿਹੜੇ ਇਸ ਗੱਲ ਤੋਂ ਇਨਕਾਰ ਕਰਦੇ ਹਨ ਕਿ ਯਿਸੂ ਦੇਹ ਵਿਚ ਆਇਆ (2 ਯੂਹੰਨਾ 7)। ਗਿਆਨਵਾਦੀ ਜਾਂ ਨੌਸਟਿਕ ਲੋਕਾਂ ਦਾ ਇਹ ਮੰਨਣਾ ਸੀ ਕਿ ਯਿਸੂ ਨਿਰੋਲ ਆਤਮਾ ਸੀ ਜੋ ਕਦੇ ਮਨੁੱਖੀ ਦੇਹ ਵਿਚ ਰਿਹਾ ਹੀ ਨਹੀਂ। ਉਨ੍ਹਾਂ ਦੀ ਸਿੱਖਿਆ ਸੀ ਕਿ ਜਿਸਮਾਨੀ ਜਾਂ ਦੁਨਿਆਵੀ ਖ਼ੁਦਾ ਦੇ ਸੁਭਾਅ ਦੇ ਐਨਾ ਉਲਟ ਹੈ ਕਿ ਉਸ ਦਾ ਮਨੁੱਖੀ ਦੇਹ ਵਿਚ ਰਹਿਣਾ ਸੰਭਵ ਨਹੀਂ ਹੈ। ਪੌਲੁਸ ਦੇ ਰਾਹੀਂ ਪਵਿੱਤਰ ਆਤਮਾ ਮਸੀਹੀ ਲੋਕਾਂ ਨੂੰ ਗਿਆਨਵਾਦੀ ਗੁਰੂਆਂ ਦੀ ਝੂਠੀ ਸਿੱਖਿਆ ਨੂੰ ਰੱਦਣ ਲਈ ਕਹਿ ਰਿਹਾ ਹੋ ਸਕਦਾ ਹੈ (1 ਤਿਮੋਥਿਉਸ 4:1)। ਰਸੂਲ ਨੇ 2:11 ਵਿਚ ਸਰੀਰ ਬਾਰੇ ਹੋਰ ਵੀ ਕਹਿਣਾ ਸੀ।

ਯਿਸੂ ਨੇ ਇਕ ਜ਼ਿੱਦੀ ਮੁੰਡੇ ਦਾ ਦ੍ਰਿਸ਼ਟਾਂਤ ਦੱਸਿਆ ਜਿਹੜਾ ਆਪਣੇ ਪਿਤਾ ਨਾਲ ਮਿਲ ਗਿਆ ਸੀ। ਉਸ ਨੇ ਆਪਣੇ ਪਿਤਾ ਦੇ ਘਰ ਨੂੰ ਛੱਡ ਕੇ ਆਪਣੀ ਸਾਰੀ ਵਿਰਾਸਤ ਅਵਾਰਾਗਰਦੀ ਵਿਚ (ਆਪਣੇ ਪਿਤਾ ਦੀ ਬਚਤ ਦਾ ਅੱਦਾ ਹਿੱਸਾ) ਇੱਧਰ ਉੱਧਰ ਉਡਾ ਕੇ ਸੁਰਗ ਦਾ ਅਤੇ ਆਪਣੇ ਪਿਤਾ ਦਾ ਅਪਰਾਧ ਕੀਤਾ ਸੀ। ਅਜਿਹਾ ਕਰਕੇ ਉਸ ਨੇ ਆਪਣੇ ਪਿਤਾ ਦਾ ਗੁਨਾਹ ਕੀਤਾ ਅਤੇ ਆਪਣੇ ਆਪ ਨੂੰ ਉਸ ਤੋਂ ਦੂਰ ਕਰ ਲਿਆ। ਫਿਰ ਵੀ ਪਿਤਾ ਉਸ ਨੂੰ ਫੇਰ ਤੋਂ ਕਬੂਲ ਕਰਨ ਲਈ ਤਿਆਰ ਸੀ। ਪਿਤਾ ਪੁੱਤਰ ਨੂੰ ਲੈਣ ਉਹਦੇ ਕੋਲ ਨਹੀਂ ਗਿਆ ਬਲਕਿ ਪੁੱਤਰ ਪਿਤਾ ਕੋਲ ਮੁੜ ਆਇਆ ਸੀ (ਲੂਕਾ 15:11–24)। ਪਿਤਾ ਅਤੇ ਪੁੱਤਰ ਵਿਚਕਾਰ ਮੇਲ ਪਿਤਾ ਦੇ ਘਰ ਵਿਚ ਹੋਇਆ।

ਇਸੇ ਤਰ੍ਹਾਂ ਨਾਲ ਮਨੁੱਖ ਜਾਤੀ ਪਾਪ ਦੇ ਕਾਰਣ ਖ਼ੁਦਾ ਤੋਂ ਅੱਡ ਹੋ ਗਈ ਹੈ। ਯਿਸੂ ਨੇ ਦੁਨੀਆਂ ਦੇ ਪਾਪਾਂ ਨੂੰ ਆਪਣੇ ਉੱਤੇ ਲੈ ਕੇ ਪਿਤਾ ਨਾਲ ਮੇਲ ਸੰਭਵ ਬਣਾ ਦਿੱਤਾ ਹੈ (1 ਪਤਰਸ 2:24)। ਦੇਹ ਵਿਚ ਯਿਸੂ ਦੀ ਮੌਤ ਦੇ ਰਾਹੀਂ ਖ਼ੁਦਾ ਨੇ ਮੇਲ ਨੂੰ ਸੰਭਵ ਬਣਾ ਦਿੱਤਾ ਪਰ ਮਨੁੱਖ ਜਾਤੀ ਲਈ ਉਸ ਨਾਲ ਮਿਲਣ ਲਈ ਮਸੀਹ ਵਿਚ ਖ਼ੁਦਾ ਨਾਲ ਮਿਲਣਾ ਜ਼ਰੂਰੀ ਹੈ।

ਕੁਰਿੰਥੀਆਂ ਦੇ ਨਾਂਅ ਖੱਤ ਵਿਚ ਪੌਲੁਸ ਨੇ ਲਿਖਿਆ, ''ਅਰਥਾਤ ਪਰਮੇਸ਼ੁਰ ਮਸੀਹ ਵਿਚ ਹੋ ਕੇ ਜਗਤ ਨੂੰ ਆਪਣੇ ਨਾਲ ਮਿਲਾ ਰਿਹਾ ਸੀ ਅਤੇ ਉਨ੍ਹਾਂ ਦੇ ਅਪਰਾਧਾਂ ਦਾ ਲੇਖਾ ਨਹੀਂ ਸੀ ਕਰਦਾ ਅਤੇ ਉਸ ਨੇ ਮੇਲ ਮਿਲਾਪ ਦਾ ਵਚਨ ਸਾਨੂੰ ਸੌਂਪ ਦਿੱਤਾ'' (2 ਕੁਰਿੰਥੀਆਂ 5:19)। ਉਸ ਨੇ ਭਾਈਆਂ ਨੂੰ ਖ਼ੁਦਾ ਨਾਲ ਮੇਲ ਜਾਂ ਸੁਲ੍ਹਾ ਕਰਨ ਦੀ ਸਿੱਖਿਆ ਦਿੱਤੀ (ਆਇਤ 20)। ਖ਼ੁਦਾ ਮਸੀਹ ਵਿਚ ਪਾਪਾਂ ਨੂੰ

ਮਾਫ਼ ਕਰਨ ਦੀ ਉਡੀਕ ਵਿਚ ਹੈ। ਖ਼ੁਦਾ ਨਾਲ ਮੇਲ ਸਿਰਫ਼ ਮਸੀਹ ਵਿਚ ਹੈ, ਮਸੀਹ ਦੇ ਬਾਹਰ ਕੀਤੇ ਨਹੀਂ ਦੱਸਿਆ ਗਿਆ। ਯਿਸੂ ਨੇ ਸਾਡੇ ਮੇਲ ਦਾ ਖ਼ੁਦਾ ਦੇ ਹਿੱਸੇ ਕਾ ਕੰਮ ਮੁਕਾ ਦਿੱਤਾ ਹੈ। ਲੋਕਾਂ ਨੂੰ ਮਸੀਹ ਵਿਚ ਆਉਣ ਲਈ ਕੰਮ ਕਰਨਾ ਪਵੇਗਾ ਤਾਂ ਜੋ ਉਹ ਖ਼ੁਦਾ ਨਾਲ ਮਿਲ ਸਕਣ। ਏਕਤਾ ਅਤੇ ਦੋਸਤ ਵਿਚ ਖ਼ੁਦਾ ਅਤੇ ਮਨੁੱਖ ਦਾ ਮੇਲ ਇੱਥੇ ਹੀ ਹੋ ਸਕਦਾ ਹੈ। ਮਸੀਹ ਵਿਚ ਆਉਣਾ ਬਪਤਿਸਮੇ ਦੇ ਰਾਹੀਂ ਹੁੰਦਾ ਹੈ (ਰੋਮੀਆਂ 6:3; ਗਲਾਤੀਆਂ 3:26, 27)।

**ਤਾਂ ਜੋ ਉਹ ਤੁਹਾਨੂੰ ਪਵਿੱਤਰ, ਨਿਰਦੋਸ਼, ਅਤੇ ਬੇਇਲਜ਼ਾਮ ਆਪਣੇ ਸਨਮੁਖ ਖੜਾ ਕਰੇ (1:22)**

ਪੌਲੁਸ ਨੇ ਯਿਸੂ ਦੀ ਮੌਤ ਦਾ ਮਕਸਦ ਚੁੱਕਿਆ, ‘‘**ਤਾਂ ਜੋ ਉਹ ਤੁਹਾਨੂੰ ਪਵਿੱਤਰ, ਨਿਰਦੋਸ਼, ਅਤੇ ਬੇਇਲਜ਼ਾਮ ਆਪਣੇ ਸਨਮੁਖ ਖੜਾ ਕਰੇ।**’’ ਸਭ ਪਾਪਾਂ ਨੂੰ ਮਿਟਾਉਣ ਲਈ ਯਿਸੂ ਨੇ ਆਪਣੀ ਦੇਹ ਦੀ ਕੁਰਬਾਨੀ ਰਾਹੀਂ ਪਵਿੱਤਰ, ਨਿਰਦੋਸ਼ ਅਤੇ ਬੇਇਲਜ਼ਾਮ ਹੋਣਾ ਸੰਭਵ ਬਣਾ ਦਿੱਤਾ। ਉਸ ਨੇ ਉਨ੍ਹਾਂ ਨੂੰ ਮਿਲਾ ਦਿੱਤਾ ਤਾਂ ਜੋ ਉਹ ਉਨ੍ਹਾਂ ਨੂੰ ਪਾਪ ਦੇ ਦਾਗ਼ ਦੇ ਬਗੈਰ ਆਪਣੇ ਸਾਹਮਣੇ ਪੇਸ਼ ਕਰ ਸਕੇ। ਪੌਲੁਸ ਨੇ ਉਨ੍ਹਾਂ ਲੋਕਾਂ ਦੇ ਪਵਿੱਤਰ ਕੀਤੇ ਜਾਣ ਦੀ ਹਾਲਤ ਦਾ ਬਿਆਨ ਕਰਦਿਆਂ ਜਿਨ੍ਹਾਂ ਨੂੰ ਯਿਸੂ ਅੱਗੇ ਪੇਸ਼ ਕੀਤਾ ਜਾਵੇਗਾ, ਤਿੰਨ ਖੂਬੀਆਂ ਦੱਸੀਆਂ:

1. ‘‘ਪਵਿੱਤਰ’’ (*hagioi*) ਸ਼ੁੱਧਤਾ ਦੀ ਸਕਾਰਾਤਮਕ ਹਾਲਤ ਹੈ। ਇਸ ਗੁਣ ਨੇ ਕੁਲੁੱਸੀਆਂ ਨੂੰ ਸੰਸਾਰ ਦੇ ਬੁਰੇ ਲੋਕਾਂ ਨਾਲੋਂ ਅੱਡ ਕਰ ਦਿੱਤਾ। 1:2 ਦੇ ਵਿਚ ਇਸੇ ਸ਼ਬਦ ਦਾ ਅਨੁਵਾਦ ‘‘ਸੰਤਾਂ’’ ਹੋਇਆ ਹੈ।
2. ‘‘ਨਿਰਦੋਸ਼’’ (*amōmoi*) ਤੋਂ ਭਾਵ ਹੈ ਕਿ ਕੁਲੁੱਸੀਆਂ ਨੂੰ ਯਿਸੂ ਅੱਗੇ ਬੇਦਾਗ, ਬੇਦੋਸ਼ ਬਿਨਾਂ ਕਲੰਕ ਦੇ ਪੇਸ਼ ਕੀਤਾ ਜਾਣਾ ਸੀ। ਉਨ੍ਹਾਂ ਨੂੰ ਯਿਸੂ ਦੇ ਲਹੂ ਨਾਲ ਸ਼ੁੱਧ ਕੀਤਾ ਗਿਆ ਸੀ ਤਾਂ ਜੋ ਉਨ੍ਹਾਂ ਵਿਚ ਕੋਈ ਨੁਕਸ ਨਾ ਮਿਲ ਸਕੇ। *Amōmoi* ਦੀ ਵਰਤੋਂ ਕਲੀਸੀਆ ਦੇ ਯਿਸੂ ਦੇ ਲਹੂ ਨਾਲ ਸ਼ੁੱਧ ਕੀਤੇ ਜਾਣ ਅਤੇ ਪਵਿੱਤਰ ਕੀਤੇ ਜਾਣ ਦੇ ਰੂਪ ਵਿਚ ਹੋਈ ਹੈ (ਅਫ਼ਸੀਆਂ 5:26, 27; ਅਫ਼ਸੀਆਂ 1:4; ਯਹੂਦਾ 24; ਪ੍ਰਕਾਸ਼ ਦੀ ਪੋਥੀ 1:5 ਵੀ ਵੇਖੋ)। ਇਸ ਤੋਂ ਇਲਾਵਾ ਇਹ ਇਬਰਾਨੀਆਂ 9:14 ਵਿਚ ਅਤੇ 1 ਪਤਰਸ 1:19 ਵਿਚ ਵੀ ਯਿਸੂ ਦੀ ਗੱਲ ਵੀ ਕਰਦਾ ਹੈ ਜਿੱਥੇ ਉਸ ਨੂੰ ਕੁਰਬਾਨੀ ਦੇ ਬੇਦਾਗ ਲੇਲੇ ਨਾਲ ਮਿਲਾਇਆ ਗਿਆ ਹੈ। ਇਹ ਸ਼ਬਦ ਨਵੇਂ ਨੇਮ ਵਿਚ ਹੋਰ ਕਿਤੇ ਨਹੀਂ ਮਿਲਦਾ।
3. ‘‘ਬੇਇਲਜ਼ਾਮ’’ (*anegklētoi*) ਤੋਂ ਭਾਵ ਹੈ ਕਿ ਉਨ੍ਹਾਂ ਉੱਤੇ ਦੋਸ਼ੀ ਹੋਣ ਦਾ ਕੋਈ ਇਲਜ਼ਾਮ ਨਹੀਂ ਲਾਇਆ ਜਾ ਸਕਦਾ ਕਿਉਂ ਜੋ ਯਿਸੂ ਨੇ ਉਨ੍ਹਾਂ ਦੇ ਪਾਪਾਂ ਨੂੰ ਮਿਟਾ ਕੇ, ਆਪਣੇ ਲਹੂ ਨਾਲ ਉਨ੍ਹਾਂ ਨੂੰ ਮਿਟਾ ਦਿੱਤਾ ਸੀ। ਨਵੇਂ ਨੇਮ ਵਿਚ ਸਿਰਫ਼ ਪੌਲੁਸ ਨੇ ਇਸ ਸ਼ਬਦ ਦੀ ਵਰਤੋਂ ਕੀਤੀ। ਉਸ ਨੇ ਕੁਲੁੱਸੀਆਂ ਨੂੰ ਇਹ ਯਕੀਨ ਦੁਆਇਆ ਕਿ ਯਿਸੂ ਉਨ੍ਹਾਂ ਨੂੰ ਪ੍ਰਭੂ ਦੇ ਦਿਨ ਬੇਦੋਸ਼ੇ ਹੋਣਾ ਪੱਕਾ ਕਰੇਗਾ (1 ਕੁਰਿੰਥੀਆਂ 1:8)। ਐਲਡਰਾਂ ਜਾਂ ਡੀਕਨਾਂ ਦੇ ਰੂਪ ਵਿਚ ਸੇਵਾ ਲਈ ਚੁਣੇ ਜਾਣ ਵਾਸਤੇ ਇਲਜ਼ਾਮ ਦੇ ਬਗੈਰ ਹੋਣਾ ਜ਼ਰੂਰੀ ਸੀ (1 ਤਿਮੋਥਿਉਸ 3:10; ਤੀਤੁਸ 1:6, 7)।

ਇਹ ਤਿੰਨੇ ਸ਼ਬਦ ਯਿਸੂ ਵੱਲੋਂ ਕਰਵਾਏ ਗਏ ਮੇਲ ਕਰਕੇ ਖ਼ੁਦਾ ਅੱਗੇ ਪਾਪ ਰਹਿਤ ਹੋਣ ਦੇ ਉਸ ਦੇ ਵਿਚਾਰ ਨੂੰ ਵਿਖਾਉਂਦੇ ਹਨ। ਪੌਲੁਸ ਨੇ ਕਿਹਾ ਕਿ ਕਲੀਸੀਆ ਜਿਸ ਨੂੰ ਯਿਸੂ ਨੇ ਸ਼ੁੱਧ ਕੀਤਾ ਹੈ ਅਤੇ ਬੇਦਾਗ ਕੀਤਾ ਹੈ, ਜਿਨ੍ਹਾਂ ਨੂੰ ਉਹ ਆਪਣੇ ਸਾਹਮਣੇ ਪੇਸ਼ ਕਰੇਗਾ (ਅਫ਼ਸੀਆਂ 5:25–27)।

ਪਾਪ ਭਰੇ ਕੰਮਾਂ ਕਰਕੇ ਕੋਈ ਵੀ ਧਰਮੀ ਨਹੀਂ ਹੈ (ਰੋਮੀਆਂ 3:9, 10); ਭਾਵ ਖ਼ੁਦਾ ਦੀ ਨਜ਼ਰ ਵਿਚ ਕਿਸੇ ਵਿਚ ਵੀ ਨਿੱਜੀ ਪਵਿੱਤਰ, ਨਿਰਦੋਸ਼ ਜਾਂ ਨਿਹਕਲੰਕ ਨਹੀਂ ਹੈ। ਇਹ ਸਿਰਫ਼ ਯਿਸੂ ਦੇ ਰਾਹੀਂ ਹੀ ਮਿਲਦੀਆਂ ਹਨ। ਪੌਲੁਸ ਨੇ ਅਫ਼ਸੀਆਂ (1:4 ਅਤੇ 5:27)। ਵਿਚ ਇਹੀ ਵਿਚਾਰ ਜ਼ਾਹਿਰ ਕੀਤਾ। ਲੋਕਾਂ ਨੂੰ ਖ਼ੁਦਾ ਅੱਗੇ ਜਿਹੜੀ ਗੱਲ ਸਹੀ ਬਣਾਉਂਦੀ ਹੈ ਉਹ ਯਿਸੂ ਦੇ ਲਹੂ ਦੇ ਰਾਹੀਂ ਸ਼ੁੱਧ ਕੀਤੇ ਜਾਣਾ ਹੈ; ਜਿਹੜੇ ਲੋਕ ਸ਼ੁੱਧ ਕੀਤੇ ਗਏ ਹਨ ਹੁਣ ਉਹ ਦੋਸ਼ੀ ਨਹੀਂ ਹਨ। ਸਕਾਰਾਤਮਕ ਅਰਥ ਵਿਚ ਕਹੀਏ ਤਾਂ ਯਿਸੂ ਨੇ ਉਨ੍ਹਾਂ ਲਈ ਜਿਹੜੇ ਨਿਹਚਾ ਕਰਦੇ ਹਨ, ਆਪਣੇ ਸਾਹਮਣੇ ''ਪਵਿੱਤਰ'' ਪੇਸ਼ ਕੀਤਾ ਜਾਣਾ ਸੰਭਵ ਬਣਾਇਆ ਹੈ; ਨਕਾਰਾਤਮਕ ਅਰਥ ਵਿਚ ਕਹੀਏ ਤਾਂ ਉਹ ਉਨ੍ਹਾਂ ਨੂੰ ''ਨਿਰਦੋਸ਼'' ਅਤੇ ''ਬੇਇਲਜ਼ਾਮ'' ਬਣਾ ਸਕਦਾ ਹੈ। ਪਾਪੀਆਂ ਨੂੰ ਸ਼ੁੱਧ ਕੀਤਾ ਜਾ ਸਕਦਾ ਹੈ ਤਾਂ ਜੋ ਉਹ ਜ਼ਰਾ ਜਿੰਨੇ ਇਲਜ਼ਾਮ ਤੋਂ ਵੀ ਬਗੈਰ ਹੋ ਸਕਣ। ਇਹ ਜ਼ਰੂਰੀ ਹੈ ਕਿਉਂ ਜੋ ਕੋਈ ਵੀ ਜਿਸ ਅੰਦਰ ਪਾਪ ਹੈ (ਯੂਹੰਨਾ 8:21) ਅਤੇ ਉਹ ਅਸ਼ੁੱਧ ਹੈ (ਪ੍ਰਕਾਸ਼ ਦੀ ਪੋਥੀ 21:27) ਸੁਰਗ ਵਿਚ ਵੜ ਨਹੀਂ ਸਕਦਾ।

ਸ਼ਰ੍ਹਾ (ਮੂਸਾ ਦੇ ਰਾਹੀਂ ਦਿੱਤੀ ਗਈ; ਯੂਹੰਨਾ 5:45) ਉਨ੍ਹਾਂ ਉੱਤੇ ਇਲਜ਼ਾਮ ਲਾਉਂਦੀ ਰਹੀ ਜਿਹੜੇ ਇਸ ਨੂੰ ਤੋੜਦੇ ਸਨ ਅਤੇ ਉਨ੍ਹਾਂ ਉੱਤੇ ਸਰਾਪ ਲਿਆਉਂਦੀ ਰਹੀ (ਗਲਾਤੀਆਂ 3:10)। ਯਿਸੂ ਦਾ ਵਚਨ ਉਨ੍ਹਾਂ ਲੋਕਾਂ ਦਾ ਜਿਹੜੇ ਇਸ ਨੂੰ ਠੁਕਰਾਉਂਦੇ ਹਨ ਨਿਆਂ ਕਰੇਗਾ (ਯੂਹੰਨਾ 12:48)। ਜਿਨ੍ਹਾਂ ਨੂੰ ਯਿਸੂ ਦੇ ਲਹੂ ਦੇ ਰਾਹੀਂ ਸ਼ੁੱਧ ਕੀਤਾ ਜਾ ਚੁਕਿਆ ਹੈ ਉਨ੍ਹਾਂ ਦੇ ਖ਼ਿਲਾਫ਼ ਕੋਈ ਇਲਜ਼ਾਮ ਨਹੀਂ ਲੱਗੇਗਾ ਅਤੇ ਉਨ੍ਹਾਂ ਨੂੰ ਕੋਈ ਦੋਸ਼ੀ ਨਹੀਂ ਠਹਿਰਾਵੇਗਾ। ਖ਼ੁਦਾ ਇਲਜ਼ਾਮ ਨਹੀਂ ਲਾਵੇਗਾ, ਕਿਉਂ ਜੋ ਉਨ੍ਹਾਂ ਨੂੰ ਯਿਸੂ ਦੇ ਰਾਹੀਂ ਉਸ ਨਾਲ ਮਿਲਾ ਦਿੱਤਾ ਗਿਆ ਹੈ। ਯਿਸੂ ਉਨ੍ਹਾਂ ਉੱਤੇ ਇਲਜ਼ਾਮ ਨਹੀਂ ਲਾਵੇਗਾ ਕਿਉਂ ਜੋ ਉਸ ਨੇ ਉਨ੍ਹਾਂ ਦੇ ਪਾਪ ਚੁੱਕ ਲਏ ਹਨ। ਸ਼ੈਤਾਨ ਉਨ੍ਹਾਂ ਉੱਤੇ ਇਲਜ਼ਾਮ ਨਹੀਂ ਲਾ ਸਕੇਗਾ ਕਿਉਂ ਜੋ ਉਸ ਨੂੰ ਹਰਾ ਦਿੱਤਾ ਗਿਆ ਹੈ (ਪ੍ਰਕਾਸ਼ ਦੀ ਪੋਥੀ 12:10)। ਉਨ੍ਹਾਂ ਦੇ ਅੰਤਹਕਰਣ ਵੀ ਉਨ੍ਹਾਂ ਨੂੰ ਦੋਸ਼ੀ ਨਹੀਂ ਠਹਿਰਾਉਣਗੇ ਕਿਉਂ ਜੋ ਉਨ੍ਹਾਂ ਨੂੰ ਬਪਤਿਸਮੇ ਦੇ ਰਾਹੀਂ (1 ਪਤਰਸ 3:21) ਸ਼ੁੱਧ ਕਰ ਦਿੱਤਾ ਗਿਆ ਹੋਵੇਗਾ (ਇਬਰਾਨੀਆਂ 9:14; 10:22)। ਕਿਸੇ ਦੇ ਵੀ ਉਨ੍ਹਾਂ ਉੱਤੇ ਇਲਜ਼ਾਮ ਨਾ ਲਾਉਣ ਤੇ ਉਹ ਬੇਇਲਜ਼ਾਮ ਠਹਿਰਨਗੇ।

ਸਚਿਆਈ ਦਾ ਹੁਕਮ ਮੰਨਣ ਦੇ ਰਾਹੀਂ ਸ਼ੁੱਧ ਕੀਤਾ ਜਾਣਾ (1 ਪਤਰਸ 1:22) ਬਪਤਿਸਮੇ ਵੇਲੇ ਹੁੰਦਾ ਹੈ, ਜਦ ਆਦਮੀ ਦੇ ਸਾਰੇ ਪਾਪ ਧੋ ਦਿੱਤੇ ਜਾਂਦੇ ਹਨ (ਰਸੂਲਾਂ ਦੇ ਕੰਮ 2:38; 22:16)। ਇਹ ਸ਼ੁੱਧ ਕੀਤਾ ਜਾਣਾ ਉਨ੍ਹਾਂ ਲਈ ਜਾਰੀ ਰਹਿੰਦਾ ਹੈ ਜਿਹੜੇ ਚਾਨਣ ਵਿਚ ਚੱਲਦੇ ਹਨ ਅਤੇ ਖ਼ੁਦਾ ਅੱਗੇ ਆਪਣੇ ਪਾਪਾਂ ਨੂੰ ਮੰਨ ਲੈਂਦੇ ਹਨ (1 ਯੂਹੰਨਾ 1:7–9)। ਨਿਹਚਾ ਵਿਚ ਚੱਲਦੇ ਰਹਿਣ ਵਾਲਿਆਂ ਨੂੰ ਲਗਾਤਾਰ ਸ਼ੁੱਧ ਕੀਤਾ ਜਾਂਦਾ ਹੈ, ਇਸ ਕਰਕੇ ਉਹ ਨਿਆਂ ਵਾਲੇ ਦਿਨ ਯਿਸੂ ਅੱਗੇ ਪੇਸ਼ ਕੀਤੇ ਜਾਣ ਵੇਲੇ ਬੇਇਲਜ਼ਾਮ ਠਹਿਰਨਗੇ।

ਯਿਸੂ ਨੇ ਇਹ ਯੋਜਨਾ ਸਲੀਬ ਉੱਤੇ ਇਕ ਕੁਰਬਾਨੀ ਦੇ ਰਾਹੀਂ ਮੁਹਈਆ ਕਰਵਾਈ ਹੈ (ਇਬਰਾਨੀਆਂ 7:27; 9:26–28; 10:10–12, 14)। ਉਸ ਨੂੰ ਪਾਪ ਵਾਸਤੇ ਕੁਰਬਾਨੀ ਵਿਚ ਆਪਣੇ ਆਪ ਨੂੰ ਬਾਰ ਬਾਰ ਚੜ੍ਹਾਉਣ ਦੀ ਲੋੜ ਨਹੀਂ ਹੈ। ਪਾਪ ਲਈ ਆਪਣੀ ਇੱਕੋ ਕੁਰਬਾਨੀ ਨੂੰ ਪੂਰਾ ਕਰ ਦੇਣ ਦੇ ਬਾਅਦ ਯਿਸੂ ਬੈਠ ਗਿਆ। ਉਸ ਨੇ ਆਪਣਾ ਕੰਮ ਮੁਕਾ ਲਿਆ, ਤਾਂ ਜੋ ਉਹ ਬੈਠ ਸਕੇ, ਜਿਸ ਕਰਕੇ ਹੁਣ ਉਸ ਨੂੰ ਉੱਠ ਕੇ ਦੋਬਾਰਾ ਆਪਣੇ ਆਪ ਨੂੰ ਕੁਰਬਾਨ ਕਰਨ ਦੀ ਲੋੜ ਨਹੀਂ ਹੈ।

ਯਿਸੂ ਤਖ਼ਤ ਉੱਤੇ ਨਿਆਂ ਕਰਨ ਵਾਲਾ ਹੋਵੇਗਾ (ਮੱਤੀ 25:31, 32; ਰਸੂਲਾਂ ਦੇ ਕੰਮ 17:31; 2 ਕੁਰਿੰਥੀਆਂ 5:10; 2 ਤਿਮੋਥਿਉਸ 4:1)। ਉਸ ਦੇ ਲਹੂ ਨਾਲ ਸ਼ੁੱਧ ਹੋਏ ਲੋਕਾਂ ਉੱਤੇ

ਉਨ੍ਹਾਂ ਦੀਆਂ ਗਲਤੀਆਂ ਦੇ ਇਲਜ਼ਾਮ ਨਹੀਂ ਲਾਏ ਜਾਂਣਗੇ। ਕਿਉਂ ਜੋ ਉਨ੍ਹਾਂ ਨੂੰ ਉਸ ਦੀ ਨਜ਼ਰ ਵਿਚ ਸ਼ੁੱਧ ਮੰਨਿਆ ਜਾਵੇਗਾ, ਉਨ੍ਹਾਂ ਨੂੰ ਯਿਸੂ ਸਾਹਮਣੇ ਬੇਦਾਗ ਪੇਸ਼ ਕੀਤਾ ਜਾਵੇਗਾ।

## ਉਨ੍ਹਾਂ ਦੀ ਲੋੜੀਂਦੀ ਵਫ਼ਾਦਾਰੀ (1:23)

**23ਪਰ ਤਦ ਜੇ ਤੁਸੀਂ ਨਿਹਚਾ ਦੀ ਨੀਂਦ ਉੱਤੇ ਕਾਇਮ ਤੇ ਪੱਕੇ ਬਣੇ ਰਹੋ ਅਤੇ ਉਸ ਖੁਸ਼ ਖਬਰੀ ਦੀ ਆਸ ਤੋਂ ਨਾ ਹਟਾਏ ਜਾਓ ਜਿਹੜੀ ਤੁਸਾਂ ਸੁਣੀ ਸੀ ਜਿਹ ਦਾ ਪ੍ਰਚਾਰ ਅਕਾਸ਼ ਹੇਠਲੀ ਸਾਰੀ ਸਰਿਸ਼ਟ ਵਿਚ ਕੀਤਾ ਗਿਆ ਜਿਹ ਦਾ ਸੇਵਕ ਮੈਂ ਪੌਲੁਸ ਹਾਂ।**

**''ਪਰ ਤਦ ਜੇ ਤੁਸੀਂ ਨਿਹਚਾ ਦੀ ਨੀਂਹ ਉੱਤੇ ਕਾਇਮ ਤੇ ਪੱਕੇ ਬਣੇ ਰਹੋ ਅਤੇ ਉਸ ਖੁਸ਼ ਖਬਰੀ ਦੀ ਆਸ ਤੋਂ ਨਾ ਹਟਾਏ ਜਾਓ ਜਿਹੜੀ ਤੁਸਾਂ ਸੁਣੀ ਸੀ'' (1:23)**

ਇਸ ਜ਼ਿੰਦਗੀ ਦੌਰਾਨ ਵਿਚ ਸਾਨੂੰ ਖ਼ੁਦਾ ਅੱਗੇ ਪਵਿੱਤਰ, ਨਿਰਦੋਸ਼ ਅਤੇ ਬੇਇਲਜ਼ਾਮ ਪੇਸ਼ ਨਹੀਂ ਕੀਤਾ ਜਾ ਸਕਦਾ। ਇਹ ਘਟਨਾ ਸਿਰਫ਼ ਉਨ੍ਹਾਂ ਲਈ ਹੈ ਜਿਹੜੇ ਵਫ਼ਾਦਾਰ ਰਹਿੰਦੇ ਹਨ: **ਪਰ ਤਦ ਜੇ ਤੁਸੀਂ ਨਿਹਚਾ ਦੀ ਨੀਂਦ ਉੱਤੇ ਕਾਇਮ ਤੇ ਪੱਕੇ ਬਣੇ ਰਹੋ ਅਤੇ ਉਸ ਖੁਸ਼ ਖਬਰੀ ਦੀ ਆਸ ਤੋਂ ਨਾ ਹਟਾਏ ਜਾਓ ਜਿਹੜੀ ਤੁਸਾਂ ਸੁਣੀ ਸੀ।** (''ਨਿਹਚਾ ਦੀ ਨੀਂਹ'' ਵਾਕ ਅੰਸ਼ ਜਿਹੜਾ ਯੂਨਾਨੀ ਵਿਚ ਦੋ ਸ਼ਬਦ ***tē pistei*** ਹੈ, ''ਨਿਹਚਾ'' ਹੈ, ਸੰਪਰਦਾਨ ਕਾਰਕ ਵਿਚ ਹੈ। ''ਦੀ'' ਜੋੜਨਾ ''ਲਗਾਤਾਰ'' ਦੇ ਕਾਰਕ ਨੂੰ ਦੱਸਣ ਲਈ ਜ਼ਰੂਰੀ ਹੈ।)

ਖ਼ੁਦਾ ਅੱਗੇ ਨਿਰਦੋਸ਼ ਪੇਸ਼ ਹੋਣ ਦੀ ਗੱਲ ਸ਼ਰਤ ਸਹਿਤ ਹੈ। ਇਹ ਯੂਨਾਨੀ ***ei*** (''ਜੇ'') ਵਿਚ ਵਿਖਾਇਆ ਗਿਆ ਹੈ। ਖ਼ੁਦਾ ਅੱਗੇ ਜਿਨ੍ਹਾਂ ਨੂੰ ਨਿਰਦੋਸ਼ ਪੇਸ਼ ਕੀਤਾ ਜਾਵੇਗਾ ਉਹ, ਉਹ ਲੋਕ ਹਨ ਜਿਹੜੇ ਨਿਹਚਾ ਵਿਚ ਬਣੇ ਰਹਿੰਦੇ ਹਨ। ਇੱਕੋ ਵਾਰ ਯਕੀਨ ਕਰਨਾ ਕਾਫ਼ੀ ਨਹੀਂ ਹੈ। ਸਾਨੂੰ ਯਿਸੂ ਦੇ ਰਾਹੀਂ *ਤਦੇ* ਸ਼ੁੱਧ ਕੀਤਾ ਜਾਂਦਾ ਹੈ *ਜੇ* ਅਸੀਂ ਨਿਹਚਾ ਵਿਚ ਬਣੇ ਰਹਿੰਦੇ ਹਾਂ। ਹਮੇਸ਼ਾ ਦੀ ਜ਼ਿੰਦਗੀ ''ਉਨ੍ਹਾਂ ਨੂੰ ਮਿਲੇਗੀ ਜਿਹੜੇ ਸ਼ੁੱਭ ਕਰਮਾਂ ਵਿਚ ਦਰਿੜ ਹੋ ਕੇ ਮਹਿਮਾ ਆਦਰ ਅਤੇ ਅਬਿਨਾਸ਼ ਨੂੰ ਭਾਲਦੇ ਹਨ'' (ਰੋਮੀਆਂ 2:7)। ਉਸ ਅੱਗੇ ਜਿਨ੍ਹਾਂ ਨੂੰ ਨਿਰਦੋਸ਼ ਪੇਸ਼ ਕੀਤਾ ਜਾਵੇਗਾ ਉਹ, ਉਹ ਲੋਕ ਹਨ ਜਿਹੜੇ ਨਿਹਚਾ ਨਾਲ ਯਿਸੂ ਦੇ ਮਗਰ ਚੱਲਣਾ ਸ਼ੁਰੂ ਕਰਕੇ ਨਿਹਚਾ ਵਿਚ ਬਣੇ ਰਹਿੰਦੇ ਹਨ।

> ਪਾਠਕਾਂ ਦਾ ਬੇਇਲਜ਼ਾਮ ਨਾ ਹੋਣਾ ਆਇਤ 23 ਦੀ ਧਿਆਨ ਨਾਲ ਦਿੱਤੀ ਚਿਤਾਵਨੀ ਤੋਂ ਵੀ ਮਿਲਦਾ ਹੈ: ਉਨ੍ਹਾਂ ਦੇ ਬਚਾਏ ਜਾਣ ਦੀ ਬੁਨਿਆਦੀ ਹਾਲਤ ਇਹ ਹੈ ਕਿ ਉਹ ਨਿਹਚਾ ਵਿਚ ਪੱਕੀ ਤਰ੍ਹਾਂ ਨਾਲ ਜੜ੍ਹ ਫੜ੍ਹੀ ਰੱਖਣ ਅਤੇ ਉਸ ਉਮੀਦ ਲਈ ਮਜ਼ਬੂਤੀ ਨਾਲ ਸਮਰਪਿਤ ਰਹਿਣ ਜਿਹੜੀ ਉਨ੍ਹਾਂ ਨੂੰ ਇੰਜੀਲ ਵਿਚ ਮਿਲੀ ਹੈ (ਤੁਲਣਾ 1:5) ... ।[1]

ਨਿਆਂ ਵਾਲੇ ਦਿਨ ਪਾਪ ਤੋਂ ਛੁਡਾਏ ਹੋਏ ਲੋਕਾਂ ਦੇ ਪਾਪਾਂ ਨੂੰ ਯਾਦ ਨਹੀਂ ਕੀਤਾ ਜਾਵੇਗਾ। ਜਦ ਖ਼ੁਦਾ ਪਾਪਾਂ ਦੀ ਮਾਫ਼ੀ ਦੇ ਦਿੰਦਾ ਹੈ ਤਾਂ ਉਨ੍ਹਾਂ ਨੂੰ ਭੁਲਾ ਦਿੱਤਾ ਜਾਂਦਾ ਹੈ ਅਤੇ ਯਾਦ ਨਹੀਂ ਰੱਖਿਆ ਜਾਂਦਾ (ਇਬਰਾਨੀਆਂ 8:12)। ਯਿਸੂ ਨਾਲ ਚਾਨਣ ਵਿਚ ਚੱਲਦੇ ਰਹਿਣ ਅਤੇ ਪਾਪਾਂ ਨੂੰ ਮੰਨ ਲੈਣ ਦੀ ਖੂਬਸੂਰਤੀ ਇਸ ਗੱਲ ਵਿਚ ਹੈ ਕਿ ਉਸ ਦਾ ਲਹੂ ਉਨ੍ਹਾਂ ਨੂੰ ਲਗਾਤਾਰ ਧੋਂਦਾ ਰਹਿੰਦਾ ਹੈ (1 ਯੂਹੰਨਾ 1:7–10)।

''ਜੇ'' ਲਿਖਣ ਤੋਂ ਪੌਲੁਸ ਦਾ ਮਤਲਬ ਸੀ ਕਿ ਜਿਹੜੇ ਲੋਕ ਨਿਹਚਾ ਵਿਚ ਬਣੇ ਨਹੀਂ ਰਹਿੰਦੇ ਹਨ ਉਨ੍ਹਾਂ ਨੂੰ ਪਵਿੱਤਰ, ਨਿਰਦੋਸ਼ ਅਤੇ ਬੇਇਲਜ਼ਾਮ ਪੇਸ਼ ਨਹੀਂ ਕੀਤਾ ਜਾਵੇਗਾ। ''ਨਿਹਚਾ ਦੀ ਨੀਂਹ ਉੱਤੇ ਬਣੇ ਰਹੋ'' ਤੋਂ ਭਾਵ ਹੈ ਕਿ ਬੇਦੀਨੀ ਦੀ ਸੰਭਾਵਨਾ ਹਕੀਕੀ ਹੈ। ਜਿਹੜੇ ਲੋਕ ਮਸੀਹ ਵਿਚ

ਨਿਹਚਾ ਕਰਕੇ ਬਣੇ ਰਹਿੰਦੇ ਹਨ, ਉਨ੍ਹਾਂ ਨੂੰ ਹੀ ਖ਼ੁਦਾ ਅੱਗੇ ਪੇਸ਼ ਕੀਤਾ ਜਾਵੇਗਾ ਅਤੇ ਉਸ ਵੱਲੋਂ ਕਬੂਲਿਆ ਜਾਵੇਗਾ।

ਕੁਲੁੱਸੇ ਦੇ ਲੋਕ ਜੇ ਨਿਹਚਾ ਵਿਚ ਬਣੇ ਰਹਿੰਦੇ ਤਾਂ ਉਨ੍ਹਾਂ ਨੇ ''ਨੀਂਹ ਉੱਤੇ ਕਾਇਮ'' ਰਹਿਣਾ ਸੀ ਅਤੇ ਉਸ ਖੁਸ਼ਖ਼ਬਰੀ ਦੀ ਆਸ ਨੂੰ ''ਜਿਹੜੀ'' ਉਨ੍ਹਾਂ ਨੇ ਸੁਣੀ ਸੀ, ਨਹੀਂ ਛੱਡਣਾ ਸੀ। ''ਨਿਹਚਾ'' ਮਸੀਹ ਦੀ ਸਿੱਖਿਆ ਦਾ ਸਰੀਰ ਹੈ।[2] ਸਾਡਾ ਮਕਸਦ ਵੀ ਪੌਲੁਸ ਦੀ ਦੱਸੀ ਨਿਹਚਾ ਵਿਚ ਬਣੇ ਰਹਿਣਾ ਹੋਣਾ ਚਾਹੀਦਾ ਹੈ।

''ਕਾਇਮ'' (*tethemeliō-menoi*) ਯੂਨਾਨੀ ਭਾਸ਼ਾ ਵਿਚ ਪੂਰਨਕਾਲਿਕ ਕ੍ਰਿਦੰਤ ਹੈ ਜੋ ਇਸ ਗੱਲ ਦਾ ਸੰਕੇਤ ਹੈ ਕਿ ਕੁਲੁੱਸੇ ਦੇ ਲੋਕ ਮਜ਼ਬੂਤ ਸਨ ਅਤੇ ਉਨ੍ਹਾਂ ਨੂੰ ਓਸੇ ਹਾਲਤ ਵਿਚ ਬਣੇ ਰਹਿਣਾ ਚਾਹੀਦਾ ਸੀ। ਇਹ ਕਿਸੇ ਇਮਾਰਤ ਦੀ ਬੁਨਿਆਦੀ ਸਮੱਗਰੀ ਦੇਣ ਦਾ ਸੁਝਾਅ ਦਿੰਦਾ ਹੈ, ਜਿਵੇਂ ਮਕਾਨ ਜਾਂ ਘਰ ਦੀ ਨੀਂਹ (ਮੱਤੀ 7:25; ਇਬਰਾਨੀਆਂ 1:10)। ਰੂਹਾਨੀ ਅਰਥ ਵਿਚ ਇਹ ਆਦਮੀ ਦੀ ਰੂਹਾਨੀ ਜ਼ਿੰਦਗੀ ਲਈ ਸੁਰੱਖਿਅਤ ਅਧਾਰ ਦੀ ਗੱਲ ਹੈ (ਅਫ਼ਸੀਆਂ 3:17)।

''ਪੱਕੇ ਬਣੇ ਰਹੋ'' (*hedraioi*) ਪੱਕੀ ਤਰ੍ਹਾਂ ਨਾਲ ਜੁੜੇ ਰਹਿਣ ਦਾ ਵਿਚਾਰ ਦਿੰਦਾ ਹੈ। ''ਨੀਂਹ ਉੱਤੇ ਮਾਇਕ ਰਹੋ'' ਚੰਗੀ ਤਰ੍ਹਾਂ ਨਾਲ ਬਣੀ ਇਮਾਰਤ ਦੇ ਟਿਕਾਉ ਹੋਣ ਦਾ ਸੰਕੇਤ ਹੋ ਸਕਦਾ ਹੈ। ਜਿਹੜੀ ਪੱਕੀ ਨੀਂਹ ਉੱਤੇ ਬਣੀ ਹੋਵੇ। ਯਿਸ ਦੀਆਂ ਸਿੱਖਿਆਵਾਂ ਨੂੰ ਮੰਨਣ ਵਾਲੇ ਲੋਕ ਇਕ ਪੱਕੀ ਨੀਂਹ ਉੱਤੇ ਬਣੇ ਹਨ ਜਿੱਥੇ ਉਹ ਅਜ਼ਮਾਇਸ਼ ਵੇਲੇ ਕਾਇਮ ਅਤੇ ਸੁਰੱਖਿਅਤ ਰਹਿਣਗੇ (ਮੱਤੀ 7:24–27)। ਉਹ ਸਾਡੀ ਰੂਹਾਨੀ ਚੱਟਾਨ ਹਨ (1 ਕੁਰਿੰਥੀਆਂ 10:4)। ਕਲੀਸੀਆ ਉੱਸੇ ਉੱਤੇ ਬਣੀ ਹੈ (ਮੱਤੀ 16:18); ਹੋਰ ਕੋਈ ਨੀਂਹ ਹੈ ਹੀ ਨਹੀਂ (1 ਕੁਰਿੰਥੀਆਂ 3:11)।

''ਨਾ ਹਟਾਏ ਜਾਓ'' ਨੂੰ ਲੰਗਰ ਲੱਗੇ ਜਹਾਜ਼ ਨਾਲ ਸਮਝਾਇਆ ਜਾ ਸਕਦਾ ਹੈ ਜਿਸ ਨੂੰ ਖ਼ਤਰਨਾਕ ਤੂਫ਼ਾਨਾਂ ਅਤੇ ਖ਼ਤਰਨਾਕ ਲਹਿਰਾਂ ਦੇ ਬਾਵਜੂਦ ਇਕ ਮਜ਼ਬੂਤ ਹਾਲਤ ਵਿਚ ਰੱਖਿਆ ਗਿਆ ਹੈ। ਪੌਲੁਸ ਨੇ ਅਫ਼ਸੀਆਂ ਨੂੰ ਸਿੱਖਿਆ ਦੇ ਹਰ ਬੁੱਲੇ ਨਾਲ ਇੱਧਰ ਉੱਧਰ ਨਾ ਡੋਲਣ ਦੀ ਹਦਾਇਤ ਕੀਤੀ (ਅਫ਼ਸੀਆਂ 4:14)। 1:5 ਵਿਚ ਉਸ ਨੇ ''ਆਸ'' ਦੀ ਗੱਲ ਕੀਤੀ ਜਿਹੜੀ ਕੁਲੁੱਸੇ ਦੇ ਭਾਈਆਂ ਨੂੰ ਇੰਜੀਲ ਵਿਚ ਮਿਲੀ ਸੀ। ਉਨ੍ਹਾਂ ਨੂੰ ਉਸ ਆਸ ਦਾ ਇਨਾਮ ਮਿਲ ਸਕਦਾ ਸੀ ਜੇ ਉਹ ਨਿਹਚਾ ਵਿਚ ਬਣੇ ਰਹਿੰਦੇ। ਝੂਠੀ ਸਿੱਖਿਆ ਦੇਣ ਵਾਲੇ ਗੁਰੂ ਉਨ੍ਹਾਂ ਨੂੰ ਹੋਰ ਸਿੱਖਿਆਵਾਂ ਨੂੰ ਮੰਨਣ ਲਈ ਮਨਾਉਣ ਦੀ ਕੋਸ਼ਿਸ਼ ਕਰ ਸਕਦੇ ਹਨ (2:8); ਪਰ ਉਨ੍ਹਾਂ ਲਈ ਖ਼ੁਦਾ ਨੂੰ ਭਾਉਣ ਵਾਸਤੇ, ਕੁਲੁੱਸੀਆਂ ਲਈ ਯਿਸੂ ਦੀ ਸਿੱਖਿਆ ਦੇ ਨਮੂਨੇ ਨੂੰ ਮੰਨਣਾ ਜ਼ਰੂਰੀ ਸੀ।

**ਜਿਹੜੀ ਤੁਸਾਂ ਸੁਣੀ ਸੀ ਜਿਹ ਦਾ ਪ੍ਰਚਾਰ . . .**
**ਕੀਤਾ ਗਿਆ ਜਿਹ ਦਾ ਸੇਵਕ ਮੈਂ ਪੌਲੁਸ ਹਾਂ (1:23)**

ਉਹ ਸਿੱਖਿਆ ਖ਼ੁਸਖ਼ਬਰੀ ਹੀ ਸੀ, **ਜਿਹੜੀ ਤੁਸਾਂ ਸੁਣੀ ਸੀ ਜਿਹ ਦਾ ਪ੍ਰਚਾਰ . . . ਕੀਤਾ ਗਿਆ ਜਿਹ ਦਾ ਸੇਵਕ ਮੀ ਪੌਲੁਸ ਹਾਂ**। ਕੁਲੁੱਸੀਆਂ ਦੀ ਪੱਤਰੀ ਵਿਚ ਪੌਲੁਸ ਨੇ ਇੱਥੇ ਪਹਿਲੀ ਵਾਰ ''ਮੈਂ'' (ਉੱਤਮ ਪੁਰਖ ਇਕ ਵਚਨ) ਦੀ ਵਰਤੋਂ ਕੀਤੀ। ਜੋ ਇਸ ਗੱਲ ਦਾ ਸੰਕੇਤ ਹੈ ਕਿ ਇਹ ਖ਼ਤ ਓਸੇ ਨੇ ਲਿਖਿਆ।

ਕੁਲੁੱਸੀਆਂ ਨੇ ਇਪਫ੍ਰਾਸ ਤੋਂ ਖੁਸ਼ਖ਼ਬਰੀ ਨੂੰ ''ਸੁਣਿਆ'' ਸੀ (ਵੇਖੋ 1:7)। ਜੋ ਕੁਝ ਉਸ ਨੇ ਉਨ੍ਹਾਂ ਨੂੰ ਦੱਸਿਆ ਸੀ ਉਹ ਉਹੀ ਖ਼ੁਸਖ਼ਬਰੀ ਸੀ ਜਿਸ ਦਾ ਪ੍ਰਚਾਰ ਖ਼ੁਦਾ ਦੇ ਦੂਤ ਹਰ ਜਗ੍ਹਾ ਕਰ ਰਹੇ ਸਨ। (ਮਰਕੁਸ 16:15)। ਮਸੀਹ ਦਾ ਸੰਦੇਸ਼ ਯਹੂਦੀਆਂ ਅਤੇ ਗੈਰਕੌਮਾਂ ਦੋਹਾਂ ਲਈ ਭਾਵ ਹਰ ਕਿਸੇ ਲਈ ਹੈ (ਰਸੂਲਾਂ ਦੇ ਕੰਮ 15:11; ਰੋਮੀਆਂ 1:16; 2:6–11)। ਉਹੀ ਸ਼ਰ੍ਹਾ, ਉਹੀ ਪਾਬੰਦੀਆਂ, ਉਹੀ ਛੁੱਟਾਂ, ਉਹੀ ਵਾਅਦੇ ਅਤੇ ਉਹੀ ਬਰਕਤਾਂ ਹਰ ਮਸੀਹੀ ਲਈ ਹਨ।

‘‘ਇੰਜੀਲ ਦਾ ਮਹਾਨ ਸੰਦੇਸ਼’’ ਅਕਾਸ਼ ਹੇਠਲੀ ਸਾਰੀ ਸਰਿਸ਼ਟ ਵਿਚ ਸੁਣਾਇਆ ਗਿਆ ਸੀ (ਆਇਤ 23)। 1:6 ਵਾਂਗ ਹੀ ‘‘ਸਾਰੀ’’ ਦਾ ਮਤਲਬ ਲੇਖਕ ਵੱਲੋਂ ਇਕ ਵਰਗ ਦੇ ਅਰਥ ਵਿਚ ਸਭ ਕੁਝ ਹੈ, ਨਾ ਕਿ ਸਾਰੀਆਂ ਗੱਲਾਂ। ਪੌਲੁਸ ਦੇ ਕਹਿਣ ਦਾ ਮਤਲਬ ਇਹ ਨਹੀਂ ਸੀ ਕਿ ਇੰਜੀਲ ਧਰਤੀ ਦੇ ਹਰ ਇਲਾਕੇ ਵਿਚ ਸੁਣਾਈ ਜਾ ਚੁੱਕੀ ਹੈ। ਲੂਕਾ 2:1–3 ਵਿਚ ਰੋਮ ਦੀ ਤਰਫ਼ੋਂ ਫ਼ਰਮਾਨ ਵਿਚ ਕਿਹਾ ਗਿਆ ਸੀ ਕਿ *ਸਾਰੀ* ਦੁਨੀਆਂ ਦੇ ਲੋਕਾਂ ਦੀ ਮਰਦਮਸ਼ੁਮਾਰੀ ਕੀਤੀ ਜਾਵੇ, ਜਿਸ ਕਰਕੇ ‘‘ਸਭ’’ ਲੋਕ ਆਪੋ ਆਪਣੇ ਨਾਂਅ ਲਿਖਵਾਉਣ ਲਈ ਗਏ। ਸਿਰਫ਼ ਰੋਮੀ ਜਗਤ ਦੇ ਲੋਕਾਂ ਦੇ ਨਾਂਅ ਹੀ ਲਿਖੇ ਗਏ ਸਨ ਨਾ ਕਿ ਸਾਰੀ ਦੁਨੀਆਂ ਦੇ ਹਰ ਬੰਦੇ ਦਾ ਲਿਖਿਆ ਗਿਆ ਸੀ। ਏਲੀਯਾਹ ਦੇ ਵਕਤ ਪਏ ਅਕਾਲ ਨੂੰ ‘‘ਸਾਰੇ ਦੇਸ਼’’ ਵਿਚ ਪਿਆਰ ਦੱਸਿਆ ਗਿਆ ਸੀ (ਲੂਕਾ 4:25), ਜਿਸ ਤੋਂ ਭਾਵ ਸੀ ਕਿ ਇਸਰਾਏਲ ਦਾ ਸਾਰਾ ਦੇਸ਼ ‘‘ਸਾਰੇ’’ ਦਾ ਦਾਇਰਾ ਕਈ ਵਾਰ ਸੀਮਤ ਹੁੰਦਾ ਹੈ। ਇੱਥੇ ‘‘ਸਾਰੀ ਸਰਿਸ਼ਟ’’ ਦੀ ਵਰਤੋਂ ਯਹੂਦੀਆਂ ਦੇ ਇਲਾਵਾ ਦੂਸਰੇ ਲੋਕ ਸਨ ਜਿਨ੍ਹਾਂ ਨੂੰ ਸਿਖਾਇਆ ਗਿਆ ਸੀ; ਗੈਰਕੌਮ ਸੰਸਾਰ ਨੂੰ ਇੰਜੀਲ ਦੇ ਸੱਦੇ ਵਿਚ ਸ਼ਾਮਿਲ ਕਰ ਲਿਆ ਗਿਆ ਸੀ।

ਪੌਲੁਸ ਨੇ ਆਪਣੇ ਆਪ ਨੂੰ ਮਸੀਹ ਦੀ ਇਸ ਖ਼ੁਸ਼ਖ਼ਬਰੀ ਦਾ ‘‘ਸੇਵਕ’’ (*diakonos*)। 1:7 ਵਿਚ ਇਪਫ੍ਰਾਸ ਦੇ ਸਬੰਧ ਵਿਚ ਉਸ ਨੇ ਇਸੇ ਸ਼ਬਦ ਦੀ ਵਰਤੋਂ ਕੀਤੀ, ਜਿੱਥੇ ਇਸ ਦਾ ਅਨੁਵਾਦ ‘‘ਸੇਵਕ’’ ਹੋਇਆ ਹੈ।

ਇੰਜੀਲ ਦੇ ਸੱਚੇ ਸੇਵਕ ਅਤੇ ਮਸੀਹ ਦੇ ਸੇਵਕ ਦੇ ਰੂਪ ਵਿਚ ਪੌਲੁਸ ਚਾਹੁੰਦਾ ਸੀ ਕਿ ਕੁਲੁੱਸੇ ਦੇ ਲੋਕ ਉਸ ਦੇ ਸੰਦੇਸ਼ ਦੇ ਸਰਵਵਿਆਪੀ ਹੋਣ ਨੂੰ ਸਮਝ ਲੈਣ। ਇੰਜੀਲ ਸਭ ਲਈ ਹੈ, ਭਾਵੇਂ ਕੋਈ ਕਿਤੇ ਵੀ ਰਹਿੰਦਾ ਹੋਵੇ।

## ਪ੍ਰਾਸੰਗਿਕਤਾ

**ਮਸੀਹ ਦੇ ਰਾਹੀਂ ਮੇਲ**

ਕਈ ਵਾਰ ਦੋ ਜਣਿਆ ਵਿਚਕਾਰ ਝਗੜਾ ਹੋ ਜਾਂਦਾ ਹੈ ਜਿਸ ਨਾਲ ਉਨ੍ਹਾਂ ਵਿਚ ਜੁਦਾਈ ਪੈ ਜਾਂਦੀ ਹੈ। ਕਈ ਵਾਰ ਇਕ ਜਣਾ ਦੂਜੇ ਨੂੰ ਨਰਾਜ ਕਰ ਦਿੰਦਾ ਹੈ, ਜਿਸ ਨਾਲ ਨਰਾਜ਼ ਹੋਇਆ ਬੰਦਾ ਉਸ ਤੋਂ ਦੂਰ ਹੋ ਜਾਂਦਾ ਹੈ। ਲੋਕਾਂ ਨੂੰ ਫੇਰ ਤੋਂ ਮਿਲਾਉਣ ਲਈ ਮੇਲ ਦਾ ਹੋਣਾ ਜ਼ਰੂਰੀ ਹੈ।

ਪਾਪ ਦੇ ਰਾਹੀਂ ਮਨੁੱਖ ਜਾਤੀ ਨੇ ਖ਼ੁਦਾ ਨੂੰ ਨਰਾਜ਼ ਕਰ ਦਿੱਤਾ ਹੈ ਅਤੇ ਇਸ ਨਾਲ ਮਨੁੱਖ ਅਤੇ ਉਸ ਵਿਚਕਾਰ ਜੁਦਾਈ ਪੈ ਗਈ ਹੈ। ਮੇਲ ਜ਼ਰੂਰੀ ਹੈ। ਮੇਲ ਵਿਚ ਤਿੰਨ ਪੱਖ ਹੁੰਦੇ ਹਨ ਜਿਸ ਵਿਚ ਇਕ ਨਰਾਜ਼ ਕਰਨ ਵਾਲਾ, ਦੂਜਾ ਨਰਾਜ਼ ਹੋਣ ਵਾਲਾ ਅਤੇ ਤੀਜਾ ਵਿਚੋਲਾ। ਖ਼ੁਦਾ ਨੇ ਪਹਿਲਾਂ ਤੋਂ ਹੀ ਉਸ ਟੁੱਟੇ ਸਬੰਧ ਨੂੰ ਵੇਖ ਲਿਆ ਸੀ ਜਿਹੜਾ ਮਨੁੱਖ ਦੇ ਪਾਪ ਦੇ ਕਾਰਣ ਹੋਣਾ ਸੀ ਜਿਸ ਕਰਕੇ ਉਸ ਨੇ ਇਕ ਯੋਜਣਾ ਬਣਾਈ ਜਿਸ ਨਾਲ ਮੇਲ ਸੰਭਵ ਹੋ ਸਕਣਾ ਸੀ।

*ਮਨੁੱਖ ਜਾਤੀ ਨਾਰਾਜ਼ ਕਰਨ ਵਾਲੀ ਹੈ।* ਆਦਮ ਅਤੇ ਹੱਵ੍ਵਾ ਦੇ ਪਾਪ ਦੇ ਵਕਤ ਤੋਂ ਉਨ੍ਹਾਂ ਦੀਆਂ ਸਭ ਸੰਤਾਨਾਂ ਨੇ ਪਾਪ ਕੀਤਾ ਹੈ। ਅਤੇ ਪਰਮੇਸ਼ੁਰ ਦੀ ਮਹਿਮਾ ਤੋਂ ਰਹਿ ਗਏ ਹਨ (ਰੋਮੀਆਂ 3:23)। ਖ਼ੁਦਾ ਦੇ ਢੰਗ ਦੀ ਬਗ਼ਾਵਤ ਕਰਨ ਦਾ ਨਤੀਜਾ ਉਸ ਤੋਂ ਜੁਦਾਈ ਹੈ। ਉਹ ਚਾਨਣ ਹੈ ਅਤੇ ਉਸ ਵਿਚ ਜ਼ਰਾ ਵੀ ਹਨੇਰਾ ਨਹੀਂ ਹੈ (1 ਯੂਹੰਨਾ 1:5)। ਜਿਹੜੇ ਲੋਕ ਪਾਪ ਦੇ ਹਨੇਰੇ ਵਿਚ ਰਹਿੰਦੇ ਹਨ ਉਨ੍ਹਾਂ ਦੀ ਉਹਦੇ ਨਾਲ ਸੰਗਤੀ ਨਹੀਂ ਹੋ ਸਕਦੀ ਹੈ (1 ਯੂਹੰਨਾ 1:6)। ਸਾਡੇ ਪਾਪ ਸਾਨੂੰ ਸਾਡੇ ਖ਼ੁਦਾ ਤੋਂ ਜੁਦਾ ਕਰ ਦਿੰਦੇ ਹਨ (ਯਸਾਯਾਹ 59:1, 2)। ਮਾਫ਼ੀ ਨਾ ਪਾਏ ਹੋਏ ਪਾਪੀ ਆਪਣੇ ਬੁਰੇ ਕੰਮਾਂ ਕਰਕੇ ਖ਼ੁਦਾ ਤੋਂ ਦੂਰ (ਅਫ਼ਸੀਆਂ 2:13) ਅਤੇ ਬਾਹਰ ਕੱਢੇ ਹੋਏ ਹਨ (ਕੁਲੁੱਸੀਆਂ 1:21)।

*ਖ਼ੁਦਾ ਨੂੰ ਨਾਰਾਜ਼ ਕੀਤਾ ਗਿਆ ਹੈ।* ਖ਼ੁਦਾ ਧਾਰਮਿਕਤਾ ਨਾਲ ਪਿਆਰ ਅਤੇ ਪਾਪ ਨਾਲ ਨਫ਼ਰਤ

ਕਰਦਾ ਹੈ (ਇਬਰਾਨੀਆਂ 1:9)। ਉਸ ਦਾ ਗੁੱਸਾ ਹਰ ਤਰ੍ਹਾਂ ਦੀ ਬੁਰਿਆਈ ਨਾਲ ਹੈ (ਰੋਮੀਆਂ 1:18)। ਉਹ ਝੂਠੀ ਗਵਾਹੀ ਦੇਣ ਵਾਲਿਆਂ ਅਤੇ ਭਾਂਈਆਂ ਵਿਚ ਝਗੜਾ ਕਰਵਾਉਣ ਵਾਲਿਆਂ ਸਣੇ (ਕਹਾਉਤਾਂ 6:16–19) ਉਨ੍ਹਾਂ ਲੋਕਾਂ ਨਾਲ ਵੀ ਨਫ਼ਰਤ ਕਰਦਾ ਹੈ ਜਿਹੜੇ ਆਪਣੇ ਆਪ ਨੂੰ ਬੁਰਿਆਈ ਵਾਸਤੇ ਦਿੰਦੇ ਹਨ (ਜ਼ਬੂਰ 5:5; 11:5)। ਉਹ ਖ਼ੁਦਾ ਨਾਲ ਐਨੀ ਬਗ਼ਾਵਤ ਕਰ ਸਕਦੇ ਹਨ ਕਿ ਉਹ ਉਨ੍ਹਾਂ ਤੋਂ ਨਫ਼ਰਤ ਕਰਨ ਲੱਗ ਪਵੇ।

ਆਪਣੇ ਨਿਆਂ ਅਤੇ ਪਵਿੱਤਰਤਾਈ ਦੇ ਕਾਰਣ ਖ਼ੁਦਾ ਪਾਪ ਨੂੰ ਸਜ਼ਾ ਦਿੱਤੇ ਬਗੈਰ ਨਹੀਂ ਰਹਿ ਸਕਦਾ। ਜੇ ਕਿਸੇ ਨੇ ਕਿਸੇ ਦੇ ਘਰ ਵਿਚ ਸੰਨ੍ਹ ਮਾਰ ਕੇ ਕੁਰਸੀਆਂ ਮੇਜ਼ ਪਲਟ ਦਿੱਤੇ ਹੋਣ, ਫ਼ਰਸ਼ ਤੇ ਕੂੜਾ ਸੁੱਟ ਦਿੱਤਾ ਹੋਵੇ, ਅਤੇ ਘਰ ਦੀਆਂ ਹੋਰ ਚੀਜ਼ਾਂ ਤਹਿਸ਼ ਨਹਿਸ਼ ਕਰ ਦਿੱਤੀਆਂ ਹੋਣ ਤਾਂ ਨਿਆਂ ਦੀ ਮੰਗ ਇਹੀ ਹੋਵੇਗੀ ਕਿ ਜੋ ਕੁਝ ਗਲਤ ਕੀਤਾ ਗਿਆ ਹੈ ਉਸ ਨੂੰ ਸੁਧਾਰਿਆ ਜਾਵੇ। ਇਸ ਦਾ ਮਤਲਬ ਇਹ ਹੋਇਆ ਕਿ ਘਰ ਵਾਲੇ ਨੂੰ ਜਿਹੜੀ ਚੀਜ਼ ਟੁੱਟੀ ਹੈ ਜਾਂ ਖ਼ਰਾਬ ਹੋਈ ਹੈ ਉਸ ਦਾ ਹਰਜ਼ਾਨਾਂ ਦਿੱਤਾ ਜਾਵੇ।

ਪਾਪ ਖ਼ੁਦਾ ਨੂੰ ਨਾਰਾਜ਼ ਕਰਦਾ ਹੈ। ਖ਼ੁਦਾ ਦੀ ਅਦਾਲਤ ਵਿਚ ਪਾਪ ਦੀ ਯੋਗ ਸਜ਼ਾ ਮੌਤ ਹੈ (ਰੋਮੀਆਂ 6:23)। ਸਭ ਲੋਕ ਮੌਤ ਦੇ ਯੋਗ ਹਨ ਕਿਉਂ ਜੋ ਸਭਨਾਂ ਨੇ ਪਾਪ ਕੀਤਾ ਹੈ ਅਤੇ ਖ਼ੁਦਾ ਦੀ ਧਾਰਮਿਕਤਾ ਦੇ ਮੁਤਾਬਿਕ ਉਨ੍ਹਾਂ ਦੀ ਜ਼ਿੰਦਗੀ ਨਹੀਂ ਹੈ (ਰੋਮੀਆਂ 3:23)। ਇਸ ਗੱਲ ਨੂੰ ਸਮਝਣ ਲਈ ਕਿ ਖ਼ੁਦਾ ਨੂੰ ਕਿਹੜੀ ਗੱਲ ਨਾਰਾਜ਼ ਕਰਦੀ ਹੈ ਅਤੇ ਉਸ ਨਾਲ ਮੌਤ ਆ ਸਕਦੀ ਹੈ, ਸਾਡੇ ਲਈ ਸਮਝਣਾ ਜ਼ਰੂਰੀ ਹੈ ਕਿ ਖ਼ੁਦਾ ਪਾਪ ਨੂੰ ਕਿਵੇਂ ਵੇਖਦਾ ਹੈ। ਅਸੀਂ ਉਨ੍ਹਾਂ ਗੱਲਾਂ ਵਿਚ ਲੱਗ ਕੇ ਜਿਨ੍ਹਾਂ ਨੂੰ ਕਰਨਾ ਸਾਡੇ ਲਈ ਸ਼ੱਕ ਭਰਿਆ ਹੋਵੇ (ਵੇਖੋ ਰੋਮੀਆਂ 14:23); ਸ਼ਰ੍ਹਾ ਦੇ ਮਾਪਦੰਡਾਂ ਤੋਂ ਬਾਹਰ ਕੰਮ ਕਰਕੇ (1 ਯੂਹੰਨਾ 3:4); ਕੁਧਰਮੀ ਗਤੀਵਿਧੀਆਂ ਵਿਚ ਲੱਗ ਕੇ (1 ਯੂਹੰਨਾ 5:17); ਜਾਂ ਜਿਹੜੀ ਭਲਿਆਈ ਅਸੀਂ ਕਰਨੀ ਜਾਣਦੇ ਹਾਂ ਉਸ ਨੂੰ ਨਾ ਕਰਕੇ (ਯਾਕੂਬ 4:17) ਪਾਪ ਕਰ ਸਕਦੇ ਹਾਂ।

ਖ਼ੁਦਾ ਦੇ ਮਾਪਦੰਡ ਨਾਲ ਪਾਪ ਨੂੰ ਨਾਪਣ ਤੇ ਸਾਨੂੰ ਉਹਦੇ ਨਾਲ ਇਹ ਨਿਚੋੜ ਕੱਢਣਾ ਜ਼ਰੂਰੀ ਹੈ ਕਿ "ਕੋਈ ਧਰਮੀ ਨਹੀਂ, ਇਕ ਵੀ ਨਹੀਂ" (ਰੋਮੀਆਂ 3:10)। ਇਹ ਦਾ ਮਤਲਬ ਇਹ ਹੈ ਕਿ ਅਸੀਂ ਸਭ ਨੇ ਖ਼ੁਦਾ ਨੂੰ ਨਾਰਾਜ਼ ਕੀਤਾ ਹੈ। ਜੇ ਅਸੀਂ ਕਹੀਏ ਕਿ ਸਾਡੇ ਵਿਚ ਕੋਈ ਪਾਪ ਨਹੀਂ ਹੈ ਜਾਂ ਅਸਾਂ ਪਾਪ ਨਹੀਂ ਕੀਤਾ ਹੈ, ਤਾਂ ਅਸੀਂ ਆਪਣੇ ਆਪ ਨੂੰ ਧੋਖਾ ਦਿੰਦੇ ਹਾਂ ਅਤੇ ਖ਼ੁਦਾ ਨੂੰ ਝੂਠਾ ਬਣਾਉਂਦੇ ਹਾਂ (1 ਯੂਹੰਨਾ 1:8, 10)। ਆਪਣੇ ਪਾਪਾਂ ਕਰਕੇ ਅਸੀਂ ਅਧਾਰਮਿਕਤਾ ਹਾਂ। ਸਾਡੇ ਕੋਲ ਕੁਝ ਨਹੀਂ ਹੈ। ਜਿਹੜੇ ਪਾਪ ਅਸਾਂ ਕੀਤੇ ਹਨ ਉਨ੍ਹਾਂ ਨੂੰ ਸੁਧਾਰਣ ਲਈ ਅਜਿਹਾ ਕੁਝ ਨਹੀਂ ਹੈ ਜਿਹੜਾ ਅਸੀਂ ਕਰ ਸਕੀਏ (ਅਫ਼ਸੀਆਂ 2:8, 9)।

*ਯਿਸੂ ਸਾਡਾ ਵਿਚੋਲਾ ਹੈ* (1 ਤਿਮੋਥਿਉਸ 2:5)। ਸਿਰਫ਼ ਯਿਸੂ ਹੀ ਹੈ ਜਿਹੜਾ ਖ਼ੁਦਾ ਨਾਲ ਉਸ ਦੇ ਅਤੇ ਸਾਡੇ ਵਿਚਕਾਰ ਵਿਚੋਲਗੀ ਕਰ ਸਕਦਾ ਹੈ ਕਿਉਂ ਜੋ ਉਹ ਬਰਾਬਰ ਮਨੁੱਖ ਅਤੇ ਖ਼ੁਦਾ ਨਾਲ ਜੁੜਿਆ ਹੋਇਆ ਹੈ ਅਤੇ ਉਸ ਦੀ ਕੀਮਤ ਸਾਰੀ ਮਨੁੱਖ ਜਾਤੀ ਨਾਲੋਂ ਵਧ ਕੇ ਹੈ।

(1) ਯਿਸੂ ਮਨੁੱਖ ਬਣਿਆ ਤਾਂ ਜੋ ਉਹ ਸਾਨੂੰ ਸਮਝ ਸਕੇ ਅਤੇ ਸਾਡੇ ਲਈ ਵਿਚੋਲਗੀ ਕਰ ਸਕੇ। ਉਹ ਸਾਡੇ ਵਰਗਾ ਬਣਿਆ ਤਾਂ ਜੋ ਉਹ "ਦਿਆਲੂ ਅਤੇ ਮਾਤਬਰ ਪ੍ਰਧਾਨ ਯਾਜਕ" ਬਣ ਸਕੇ (ਇਬਰਾਨੀਆਂ 2:17)। ਉਹ ਸਾਡੀਆਂ ਕਮਜ਼ੋਰੀਆਂ ਦੇ ਰਾਹੀਂ ਛੂਹਿਆ ਜਾ ਸਕਦਾ ਹੈ ਕਿਉਂ ਜੋ ਉਹ "ਸਾਰੀਆਂ ਗੱਲਾਂ ਵਿਚ ਸਾਡੇ ਵਾਂਗ ਪਰਤਾਇਆ ਗਿਆ ਪਰ ਪਾਪ ਤੋਂ ਰਹਿਤ ਰਿਹਾ" (ਇਬਰਾਨੀਆਂ 4:15)। ਜੇ ਉਹ ਮਨੁੱਖ ਨਾ ਬਣਦਾ ਤਾਂ ਉਸ ਨੂੰ ਸਾਡੀ ਹਾਲਤ ਦੀ ਸਮਝ ਨਹੀਂ ਆਉਣੀ ਸੀ ਜਿਸ ਕਰਕੇ ਉਸਨੇ ਸਹੀ ਢੰਗ ਨਾਲ ਵਿਚੋਲਗੀ ਨਹੀਂ ਕਰ ਪਾਉਣੀ ਸੀ।

(2) ਉਸ ਦੇ ਖ਼ੁਦਾਈ ਹੋਣ ਦਾ ਮਤਲਬ ਇਹ ਹੈ ਕਿ ਉਹ ਪਿਤਾ ਦੇ ਨਾਲ ਸਾਵਾਂ ਖੜਾ ਹੈ ਅਤੇ ਪਿਤਾ ਵੱਲੋਂ ਉਸ ਨੂੰ ਸਾਡੇ ਵਿਚੋਲੇ ਦੇ ਰੂਪ ਵਿਚ ਮਾਣ ਦਿੱਤਾ ਜਾ ਸਕਦਾ ਹੈ । ਯਿਸੂ ਮਨੁੱਖ ਅਤੇ

ਪਰਮੇਸ਼ੁਰ ਨਾਲ ਬਰਾਬਰ ਜੁੜਿਆ ਹੋਇਆ ਹੈ। ਦੇਹਧਾਰੀ ਹੋ ਕੇ (ਯੂਹੰਨਾ 1:14) ਉਹ ਮਨੁੱਖ ਦਾ ਪੁੱਤਰ ਬਣ ਗਿਆ (ਮੱਤੀ 9:6)। ਉਸ ਦੇ ਨਾਲ ਹੀ ਉਹ ਖ਼ੁਦਾ ਦਾ ਪੁੱਤਰ ਹੈ (ਲੂਕਾ 1:35)। ਉਹ ਮਨੁੱਖ ਅਤੇ ਖ਼ੁਦਾ ਵਿਚਕਾਰ ਵਿਚੋਲਗੀ ਬੜੀ ਚੰਗੀ ਤਰ੍ਹਾਂ ਨਾਲ ਕਰ ਸਕਦਾ ਹੈ।

(3) ਯਿਸੂ ਨੇ ਮਨੁੱਖ ਦੇ ਪਾਪ ਆਪਣੇ ਉੱਤੇ ਲੈ ਕੇ ਅਤੇ ਪਾਪੀਆਂ ਨੂੰ ਮਿਲਣ ਵਾਲੀ ਮੌਤ ਦੀ ਸਜ਼ਾ ਪਾ ਕੇ ਮਨੁੱਖ ਅਤੇ ਖ਼ੁਦਾ ਵਿਚਕਾਰ ਦੋਸਤੀ ਸੰਭਵ ਬਣਾ ਦਿੱਤੀ। ਅਜਿਹਾ ਕਰਨ ਲਈ ਉਹਦੇ ਲਈ ਪਾਪ ਰਹਿਤ ਹੋਣਾ ਜ਼ਰੂਰੀ ਸੀ। ਮਨੁੱਖ ਦੇ ਪਾਪ ਰਹਿਤ ਪੁੱਤਰ ਅਤੇ ਖ਼ੁਦਾ ਦੇ ਪੁੱਤਰ ਦੇ ਰੂਪ ਵਿਚ ਉਸ ਨੇ ਸਾਡੇ ਪਾਪ ਆਪਣੇ ਉੱਤੇ ਲੈ ਲਏ ਤਾਂ ਜੋ ਅਸੀਂ ਧਰਮੀ ਠਹਿਰ ਸਕੀਏ (1 ਕੁਰਿੰਥੀਆਂ 15:3; 2 ਕੁਰਿੰਥੀਆਂ 5:21; 1 ਪਤਰਸ 2:24; 3:18)।

(4) ਯਿਸੂ ਖ਼ੁਦਾ ਦਾ ਉਹ ਲੇਲਾ ਹੈ ਜਿਹੜਾ ਜਗਤ ਦੇ ਪਾਪ ਚੁੱਕ ਸਕਦਾ ਹੈ (ਯੂਹੰਨਾ 1:29)। ਮਨੁੱਖ ਦੀ, ਖ਼ਾਸਕਰ ਪਾਪੀ ਮਨੁੱਖ ਦੀ ਮੌਤ ਸਾਰੇ ਸੰਸਾਰ ਦੇ ਪਾਪਾਂ ਦੀ ਕੀਮਤ ਨਹੀਂ ਚੁਕਾ ਸਕਦੀ। ਅਪਵਾਦ ਬਣਾਉਣ ਲਈ ਕਿਸੇ ਨੂੰ ਸਾਰੀ ਮਨੁੱਖ ਜਾਤੀ ਦੇ ਬਰਾਬਰ ਜਾਂ ਉਸ ਤੋਂ ਵਧ ਕੇ ਕੀਮਤ ਦਾ ਹੋਣਾ ਜ਼ਰੂਰੀ ਸੀ। ਯਿਸੂ ਅਜਿਹਾ ਹੀ ਸੀ ਕਿਉਂ ਜੋ ਉਹ ਸਾਰੇ ਸੰਸਾਰ ਨਾਲੋਂ ਵਧ ਕੇ ਕੀਮਤੀ ਸੀ। ਜਿਸ ਕਰਕੇ ਉਹ ਆਪਣੇ ਉੱਤੇ ਸਾਡੇ ਸਾਰਿਆਂ ਦੇ ਪਾਪਾਂ ਨੂੰ ਲੈ ਕੇ ਪਾਪ ਦਾ ਸਾਡਾ ਕਰਜਾ ਚੁਕਾ ਸਕਦਾ ਸੀ। ਆਪਣੀ ਮੌਤ ਦੇ ਰਾਹੀਂ ਉਸ ਨੇ ਮਾਫ਼ ਕੀਤੇ ਜਾਣ ਦਾ ਰਾਹ ਖੋਲ੍ਹ ਦਿੱਤਾ। ਉਸ ਨੇ ਸਾਡੇ ਲਈ ਖ਼ੁਦਾ ਦੇ ਦੋਸਤ ਬਣਨਾ ਅਤੇ ਖ਼ੁਦਾ ਨਾਲ ਸਾਡਾ ਮੇਲ ਹੋਣਾ ਸੰਭਵ ਬਣਾ ਦਿੱਤਾ।

(5) ਸਲੀਬ ਉੱਤੇ ਵਹੇ ਲਹੂ ਦੇ ਰਾਹੀਂ ਯਿਸੂ ਨੇ ਖ਼ੁਦਾ ਅੱਗੇ ਸਾਨੂੰ ਪਵਿੱਤਰ, ਨਿਰੋਦਸ਼ ਅਤੇ ਬੇਇਲਜ਼ਾਮ ਪੇਸ਼ ਹੋਣ ਦੀ ਸ਼ਰਤੀ ਦਿੰਦੇ ਹੋਏ (1:22), ਸਾਡੇ ਲਈ ਖ਼ੁਦਾ ਨਾਲ ਸੁਲ੍ਹਾ ਕਰਨ ਦਾ ਰਾਹ ਖੋਲ੍ਹ ਦਿੱਤਾ (1:20)। ਇਹ ਵਾਅਦਾ ਕਲੀਸੀਆ ਨਾਲ ਕੀਤਾ ਗਿਆ ਹੈ ਜੋ ਕਿ ਬਚਾਏ ਹੋਏ ਲੋਕਾਂ ਦੀ ਜਮਾਤ ਹੈ (ਅਫ਼ਸੀਆਂ 5:23–27)।

ਅਸੀਂ ਨਾਰਾਜ਼ ਕਰਨ ਵਾਲੇ, ਪਾਪੀ ਹਾਂ ਅਤੇ ਖ਼ੁਦਾ ਸਾਡੇ ਪਾਪਾਂ ਕਰਕੇ ਨਾਰਾਜ਼ ਹੋਇਆ ਹੈ। ਪਾਪ ਨਾਲ ਆਪਣੀ ਦੋਸਤੀ ਕਰਕੇ ਅਸੀਂ ਖ਼ੁਦਾ ਦੇ ਵੈਰੀ ਬਣ ਗਏ ਹਾਂ (ਯਾਕੂਬ 4:4); ਪਰ ਯਿਸੂ ਨੇ ਖ਼ੁਦਾ ਨਾਲ ਸਾਡੀ ਦੋਸਤੀ ਸੰਭਵ ਬਣਾ ਦਿੱਤੀ। ਖ਼ੁਦਾ ਨੇ ਅਜਿਹਾ ਸੰਸਾਰ ਲਈ ਆਪਣੇ ਪ੍ਰੇਮ ਕਰਕੇ (ਯੂਹੰਨਾ 3:16) ਯਿਸੂ ਦੇ ਰਾਹੀਂ ਕੀਤਾ ਹੈ (2 ਕੁਰਿੰਥੀਆਂ 5:18, 19)।

ਖ਼ੁਦਾ ਨੇ ਸਭ ਕੁਝ ਆਪਣੀ ਯੋਜਨਾ ਅਨੁਸਾਰ ਅਤੇ ਆਪਣੇ ਨਾਲ ਸਾਨੂੰ ਮਿਲਾਉਣ ਲਈ ਜੋ ਕੁਝ ਕਰਨਾ ਜ਼ਰੂਰੀ ਸੀ ਉਸ ਨੂੰ ਕਰ ਦਿੱਤਾ ਹੈ। ਉਸ ਨੇ ਸਾਨੂੰ ਮੇਲ ਦੇ ਵਚਨ ਦੇ ਰਾਹੀਂ ਇਸ ਮੇਲ ਦੀ ਜਾਣਕਾਰੀ ਦਿੱਤੀ। ਜਿਸ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਹੁਣ ਸਾਡੇ ਪਾਪ ਸਾਡੇ ਖ਼ਿਲਾਫ਼ ਨਹੀਂ ਹੋਣੇ ਚਾਹੀਦੇ (2 ਕੁਰਿੰਥੀਆਂ 5:19)। ਪਰ ਮੇਲ ਸਾਡੇ ਜਵਾਬ ਕੀ ਮੰਗ ਕਰਦਾ ਹੈ। ਇਸ ਗੱਲ ਨੂੰ ਸਮਝਦਿਆਂ ਪੌਲੁਸ ਨੇ ਬੇਨਤੀ ਕੀਤੀ: ‘‘ਅਸੀਂ ਮਸੀਹ ਦੇ ਏਲਚੀ ਹਾਂ ਭਈ ਜਾਣੋ ਪਰਮੇਸ਼ੁਰ ਸਾਡੇ ਰਾਹੀਂ ਮਿੰਨਤ ਕਰਦਾ ਹੈ, ਸੋ ਅਸੀਂ ਮਸੀਹ ਵੱਲੋਂ ਬੇਨਤੀ ਕਰਦੇ ਹਾਂ ਜੋ ਤੁਸੀਂ ਪਰਮੇਸ਼ੁਰ ਨਾਲ ਮੇਲ ਮਿਲਾਪ ਕਰ ਲਓ’’ (2 ਕੁਰਿੰਥੀਆਂ 5:20)।

(6) ਉਹ ਥਾਂ ਜਿੱਥੇ ਖ਼ੁਦਾ ਅਤੇ ਮਨੁੱਖ ਵਿਚਕਾਰ ਦੋਸਤੀ ਹੋ ਸਕਦੀ ਹੈ, ਮਸੀਹ ਭਾਵ ਮੇਲ ਮਿਲਾਪ ਦੀ ਥਾਂ ਹੈ, ‘‘ਪਰਮੇਸ਼ੁਰ ਮਸੀਹ ਵਿਚ ਹੋ ਕੇ ਜਗਤ ਨੂੰ ਆਪਣੇ ਨਾਲ ਮਿਲਾ ਰਿਹਾ ਸੀ’’ (2 ਕੁਰਿੰਥੀਆਂ 5:19)। ਖ਼ੁਦਾ ਦੇ ਨਾਲ ਮਿਲਣ ਅਤੇ ਉਸ ਦੇ ਦੋਸਤ ਬਣਨ ਲਈ ਸਾਡੇ ਵਾਸਤੇ ਮਸੀਹ ਵਿਚ ਹੋਣਾ ਜ਼ਰੂਰੀ ਹੈ। ਮਸੀਹ ਵਿਚ ਅਸੀਂ ਬਪਤਿਸਮੇ ਦੇ ਰਾਹੀਂ ਆਉਂਦੇ ਹਾਂ (ਰੋਮੀਆਂ 6:3; ਗਲਾਤੀਆਂ 3:26, 27)। ਮਸੀਹ ਵਿਚ ਬਣੇ ਹੋਣ ਲਈ ਸਾਨੂੰ ਉਸ ਦੇ ਹੁਕਮਾਂ ਨੂੰ ਮੰਨਣਾ ਜ਼ਰੂਰੀ ਹੈ (1 ਯੂਹੰਨਾ 2:3–5)।

ਸਾਡੇ ਵਿੱਚੋਂ ਕੋਈ ਵੀ ਧਰਮੀ ਨਹੀਂ ਹੈ। ਸਾਡੇ ਪਾਪ ਸਾਨੂੰ ਖ਼ੁਦਾ ਤੋਂ ਅੱਡ ਕਰਦੇ ਹਨ। ਇਸੇ ਕਰਕੇ

ਸਾਨੂੰ ਆਪਣੇ ਵਿਚ ਮਸੀਹ ਦੀ ਲੋੜ ਹੈ। ਯਿਸੂ ਉਸ ਦੇ ਕਾਰਣ ਜੋ ਉਹ ਹੈ, ਸਾਡਾ ਮੇਲ ਕਰਾ ਸਕਦਾ ਹੈ।

**ਮੇਲ ਅਤੇ ਮਸੀਹ ਦੀ ਸੰਪੂਰਣਤਾਈ (1:20)**

ਮਸੀਹ ਵਿਚ ਸੰਪੂਰਣਤਾਈ ਦੇ ਲੱਛਣ ਦਾ ਸ਼ਾਇਦ ਸਭ ਤੋਂ ਵੱਡਾ ਕਾਇਦਾ ਮੇਲ ਹੀ ਹੈ। ਪਾਪ ਦੇ ਕਾਰਣ ਮਨੁੱਖ ਹਰ ਕੋਈ ਖ਼ੁਦਾ ਤੋਂ ਅੱਡ ਕੀਤਾ ਗਿਆ ਹੈ (ਰੋਮੀਆਂ 3:10, 23)। ਜਿਹੜੇ ਲੋਕ ਆਪਣੇ ਪਾਪਾਂ ਵਿਚ ਮਰਦੇ ਹਨ ਉਹ ਯਿਸੂ ਦੇ ਨਾਲ ਨਹੀਂ ਹੋ ਸਕਦੇ। ਸੰਸਾਰ ਦੇ ਰਚੇ ਜਾਣ ਤੋਂ ਪਹਿਲਾਂ ਖ਼ੁਦਾ ਦੀ ਯੋਜਨਾ ਯਿਸੂ ਦੇ ਰਾਹੀਂ ਮੇਲ ਕਰਾਉਣ ਦੀ ਸੀ।

ਮੇਲ ਯਿਸੂ ਦੀ ਸੰਪੂਰਣਤਾ ਦੇ ਕਾਰਣ ਸੰਭਵ ਹੈ (ਆਇਤ 20)। ਮੇਲ ਜਾਂ ਸ਼ਾਂਤੀ ਉਸ ਲਹੂ ਦੇ ਰਾਹੀਂ ਹੁੰਦੀ ਹੈ ਜਿਹੜਾ ਉਸ ਨੇ ਸਲੀਬ ਉੱਤੇ ਵਹਾਇਆ (ਆਇਤ 20)। ਖ਼ੁਦਾ ਨੇ ਹੁਕਮ ਦਿੱਤਾ ਹੈ ਕਿ ਪਾਪ ਸਿਰਫ਼ ਲਹੂ ਵਹਾਉਣ ਦੇ ਰਾਹੀਂ ਹੀ ਮਾਫ਼ ਕੀਤਾ ਜਾ ਸਕਦਾ ਹੈ (ਇਬਰਾਨੀਆਂ 9:22)। ਜਾਨਵਰਾਂ ਦਾ ਲਹੂ ਪਾਪਾਂ ਨੂੰ ਮਿਟਾ ਨਹੀਂ ਸਕਦਾ ਸੀ (ਇਬਰਾਨੀਆਂ 10:4)। ਸਿਰਫ਼ ਯਿਸੂ ਦਾ ਲਹੂ ਹੀ ਖ਼ੁਦਾ ਦੀ ਹਜ਼ੂਰੀ ਵਿਚ ਲਿਜਾ ਸਕਦਾ ਹੈ (ਇਬਰਾਨੀਆਂ 10:19, 20)।

ਆਪਣੇ ਲਹੂ ਦੇ ਰਾਹੀਂ ਯਿਸੂ ਨੇ ਉਨ੍ਹਾਂ ਸਭਨਾਂ ਲਈ ਜਿਹੜੇ ਖ਼ੁਦਾ ਤੋਂ ਅੱਡ ਹੋ ਗਏ ਸਨ ਮੇਲ ਲਈ ਮੌਕਾ ਮੁਹੱਈਆ ਕਰਵਾਇਆ ਹੈ। ਪਾਪ ਦਾ ਮਿਟਾਇਆ ਜਾਣਾ ਮੇਲ ਨੂੰ ਸੰਭਵ ਬਣਾ ਦਿੰਦਾ ਹੈ। ਕੋਈ ਕਾਰੋਬਾਰੀ ਆਪਣੇ ਸਾਥੀ ਦੇ ਉਨ੍ਹਾਂ ਦੇ ਕਾਰੋਬਾਰ ਵਿਚ ਮਦਦ ਨਾਲ ਦੇਣ ਤੇ ਭਾਈਵਾਲੀ ਤੋੜ ਸਕਦਾ ਹੈ। ਜਦ ਤਕ ਭਾਈਵਾਲ ਸੁਸਤ ਹੈ ਅਤੇ ਕੰਮ ਨਹੀਂ ਕਰਦਾ ਤਦ ਤਕ ਉਸ ਦਾ ਸਾਥੀ ਉਹਦੇ ਨਾਲ ਕੰਮ ਕਰਨ ਤੋਂ ਇਨਕਾਰ ਕਰ ਸਕਦਾ ਹੈ। ਉਹ ਭਾਈਵਾਲੀ ਨੂੰ ਫੇਰ ਤੋਂ ਤਦੇ ਬਹਾਲ ਕਰ ਸਕਦਾ ਹੈ ਜੇ ਉਹ ਕੰਮ ਕਰੇ ਅਤੇ ਆਪਣੇ ਲੈਣ ਦੇਣ ਪੂਰੇ ਕਰੇ। ਯਿਸੂ ਨੇ ਪਾਪ ਦਾ ਕਰਜਾ ਚੁਕਾ ਦਿੱਤਾ ਹੈ ਅਤੇ ਖ਼ੁਦਾ ਨਾਲ ਦੋਸਤੀ ਭਰਿਆ ਸਬੰਧ ਸੰਭਵ ਬਣਾ ਦਿੱਤਾ ਹੈ।

**ਮੇਲ ਅਤੇ ਵੈਰੀ ਮਨ (1:21)**

ਵੈਰੀ ਮਨਾਂ ਵਾਲੇ ਲੋਕ ਖ਼ੁਦਾ ਦੀ ਇੱਛਾ ਨੂੰ ਨਾ ਮੰਨਣਾ ਚੁਣਦੇ ਹਨ। ਉਹ ਜ਼ਿਦੀ ਅਤੇ ਸ਼ਖ਼ਤ ਦਿਲ ਦੇ ਲੋਕ ਹੁੰਦੇ ਹਨ। ਉਹ ‘‘ਆਕੀ ਹਨ ਅਰ ਸਭ ਕੁਧਰਮ ਨੂੰ ਮੰਨਦੇ ਹਨ’’ (ਰੋਮੀਆਂ 2:5, 8)। ਜਦ ਤਕ ਕੋਈ ਪਾਪ ਨੂੰ ਅਤੇ ਪਰਮੇਸ਼ੁਰ ਵਿਚਕਾਰ ਰੱਖਦਾ ਹੈ ਉਹ ਪਰਮੇਸ਼ੁਰ ਦਾ ਵੈਰੀ ਹੈ । (ਯਾਕੂਬ 4:4)।

ਜਦ ਲੋਕ ਬੁਰੇ ਕੰਮਾਂ ਵਿਚ ਲੱਗ ਜਾਂਦੇ ਹਨ ਤਾਂ ਉਹ ਖ਼ੁਦਾ ਤੋਂ ਦੂਰ ਹੋ ਜਾਂਦੇ ਹਨ। ਖ਼ੁਦਾ ਦੀ ਮਰਜ਼ੀ ਨੂੰ ਪੂਰਾ ਨਾ ਕਰ ਪਾਉਣਾ ਉਨ੍ਹਾਂ ਨੂੰ ਉਹਦੀ ਨਜ਼ਰ ਵਿਚ ਬੁਰੇ ਬਣਾ ਦਿੰਦਾ ਹੈ। ਖ਼ੁਦਾ ਧਾਰਮਿਕਤਾ ਨਾਲ ਪਿਆਰ ਰੱਖਦਾ ਹੈ ਅਤੇ ਕੁਧਰਮ ਨਾਲ ਵੈਰ ਰੱਖਦਾ ਹੈ (ਇਬਰਾਨੀਆਂ 1:9)।

ਇਕ ਮਾਂ ਆਪਣੇ ਬੱਚੇ ਨੂੰ ਦਿਲੋਂ ਪਿਆਰ ਕਰਦੀ ਹੈ। ਪਰ ਜੇ ਬੱਚਾ ਹਰ ਗੱਲ ਨੂੰ ਜਿਹੜੀ ਮਾਂ ਦੀ ਨਜ਼ਰ ਵਿਚ ਪਵਿੱਤਰ ਹੈ ਠੁਕਰਾ ਕੇ ਉਸ ਦੇ ਦਿਲ ਨੂੰ ਤੋੜਨਾ ਜਾਰੀ ਰੱਖਦਾ ਹੈ ਤਾਂ ਉਹ ਆਪਣੇ ਬੱਚੇ ਨੂੰ ਇਹ ਦੱਸ ਕੇ ਆਪਣੀ ਨਾਰਾਜ਼ੀ ਜਤਾਏਗੀ ਕਿ ਜਦ ਤਕ ਉਹ ਉਸ ਨੂੰ ਦੁੱਖ ਦਿੰਦਾ ਹੈ ਤਦ ਤਕ ਉਹਦਾ ਉਹਦੇ ਨਾਲ ਕੋਈ ਰਿਸ਼ਤਾ ਨਹੀਂ ਹੋਵੇਗਾ। ਪਾਪ ਲਈ ਖ਼ੁਦਾ ਦੀਆਂ ਧਾਰਣਾਵਾਂ ਜ਼ਬਰਦਸਤ ਹਨ। ਜਿਹੜੇ ਲੋਕ ਖ਼ੁਦਾ ਦੇ ਹੁਕਮ ਨੂੰ ਤੋੜਦੇ ਹਨ ਉਹ ਅਜਿਹੀ ਬਗ਼ਾਵਤ ਨਾਲ ਆਪਣੇ ਆਪ ਨੂੰ ਉਸ ਤੋਂ ਦੂਰ ਕਰ ਲੈਂਦੇ ਹਨ।

**ਮੇਲ ਅਤੇ ਨਵੀਂ ਸਰਿਸ਼ਟ (1:22, 23)**

ਯਿਸੂ ਦੇ ਰਾਹੀਂ ਮੇਲ ਸਾਨੂੰ ਪਵਿੱਤਰ, ਨਿਰਦੋਸ਼ ਅਤੇ ਬੇਇਲਜ਼ਾਮ ਬਣਾ ਦਿੰਦਾ ਹੈ (ਆਇਤ

22)। ਪਾਣੀ ਦੇ ਗਿਲਾਸ ਵਿਚ ਇਕ ਖ਼ਤਰਨਾਕ ਕਿਟਾਣੂ ਪੂਰੇ ਗਿਲਾਸ ਨੂੰ ਗੰਦਾ ਕਰ ਦਿੰਦਾ ਹੈ। ਇਸੇ ਤਰ੍ਹਾਂ ਨਾਲ ਪਾਪ ਨਾ ਸਿਰਫ਼ ਇਕ ਹਿੱਸੇ ਨੂੰ ਬਲਕਿ ਪੂਰੀ ਆਤਮਾ ਨੂੰ ਹੀ ਗੰਦਾ ਕਰ ਦਿੰਦਾ ਹੈ। ਜਿਹੜੇ ਲੋਕ ਰੂਹਾਨੀ ਤੌਰ ਤੇ ਅਸ਼ੁੱਧ ਹਨ ਉਹ ਸੁਰਗ ਵਿਚ ਵੜ ਨਹੀਂ ਸਕਦੇ ਹਨ (ਪ੍ਰਕਾਸ਼ ਦੀ ਪੋਥੀ 21:27)। ਆਪਣੀ ਮੌਤ ਦੇ ਰਾਹੀਂ ਯਿਸੂ ਨੇ ਸਾਰੇ ਪਾਪ ਨੂੰ ਮਿਟਾਉਣਾ ਸੰਭਵ ਬਣਾ ਦਿੱਤਾ ਤਾਂ ਜੋ ਅਸੀਂ ਨਿਆਂ ਵਾਲੇ ਦਿਨ ਬਿਨਾਂ ਇਲਜ਼ਾਮ ਦੇ ਹੋ ਸਕੀਏ।

ਟਾਈਪ ਕਰਨ ਵਾਲਾ ਆਦਮੀ ਹੋ ਸਕਦਾ ਹੈ ਕਿ ਗਲਤੀਆਂ ਕਰ ਦਵੇ, ਪਰ ਜੇ ਹਰ ਗਲਤੀ ਨੂੰ ਸੁਧਾਰ ਦਿੱਤਾ ਜਾਵੇ ਤਾਂ ਉਹ ਗਲਤੀ ਰਹਿਤ ਸਫ਼ਾ ਬਣਾ ਸਕਦਾ ਹੈ। ਯਿਸੂ ਉਸ ਲਹੂ ਦੇ ਰਾਹੀਂ ਜਿਹੜਾ ਉਸ ਨੇ ਵਹਾਇਆ ਸਾਡੀਆਂ ਜ਼ਿੰਦਗੀਆਂ ਨੂੰ ਪਾਪ ਰਹਿਤ ਬਣਾ ਸਕਦਾ ਹੈ। ਪਾਪ ਮਾਫ਼ ਹੋ ਜਾਣ ਤੇ ਉਨ੍ਹਾਂ ਨੂੰ ਦੋਬਾਰਾ ਕਦੇ ਯਾਦ ਨਹੀਂ ਕੀਤਾ ਜਾਵੇਗਾ (ਇਬਰਾਨੀਆਂ 8:12)। ਲੋਕਾਂ ਦੀ ਜਮਾਤ ਜਿਸ ਨੂੰ ਯਿਸੂ ਬਿਨਾਂ ਕਿਸੇ ਪਾਪ ਦੇ ਆਪਣੇ ਅੱਗੇ ਪੇਸ਼ ਕਰੇਗਾ, ਕਲੀਸੀਆ ਹੈ (ਅਫ਼ਸੀਆਂ 5:25–27)। ਉਹ ਅਜਿਹਾ ਕਰ ਸਕਦਾ ਹੈ ਕਿਉਂ ਜੋ ਉਸ ਨੇ ਵਚਨ ਦੇ ਨਾਲ ਧੋ ਕੇ ਕਲੀਸੀਆ ਨੂੰ ਸ਼ੁੱਧ ਕਰਨ ਲਈ ਆਪਣੇ ਆਪ ਨੂੰ ਦੇ ਦਿੱਤਾ। ਬੈਂਕ ਵਿਚ ਪੈਸੇ ਨਾ ਹੋਣ ਤੇ ਚੈਕ ਕੱਟਣ ਦਾ ਕੋਈ ਫ਼ਾਇਦਾ ਨਹੀਂ ਹੁੰਦਾ। ਇਸੇ ਤਰ੍ਹਾਂ ਜਲ ਅਤੇ ਵਚਨ ਵਿਚ ਲੋਕਾਂ ਨੂੰ ਪਾਪ ਤੋਂ ਸ਼ੁੱਧ ਕਰਨ ਦੀ ਕੋਈ ਸ਼ਕਤੀ ਨਹੀਂ ਹੈ। ਪਰ ਉਨ੍ਹਾਂ ਨਾਲ ਯਿਸੂ ਦੇ ਲਹੂ ਦੀ ਸਮਰੱਥਾ ਦੇ ਕਾਰਣ ਲੋਕਾਂ ਨੂੰ ਮਾਫ਼ ਕੀਤਾ ਜਾਂਦਾ ਹੈ।

ਨਿਹਚਾ ਵਿਚ ਬਣੇ ਰਹਿਣ ਵਾਲੇ ਲੋਕਾਂ ਨੂੰ (ਆਇਤ 23) ਪਵਿੱਤਰ, ਨਿਰਦੋਸ਼ ਅਤੇ ਬੇਇਲਜ਼ਾਮ ਪੇਸ਼ ਕੀਤਾ ਜਾਵੇਗਾ। ਇਹ ਵਾਅਦਾ ਯਿਸੂ ਦੇ ਵਫ਼ਾਦਾਰ ਰਹਿਣ ਤੇ ਨਿਰਭਰ ਹੈ। ਉਹ ਲਾੜਾ ਹੈ ਅਤੇ ਕਲੀਸੀਆ ਦਾ ਹਰ ਮੈਂਬਰ ਮਸੀਹ ਦੀ ਲਾੜੀ ਹੈ, ਜਿਹੜਾ ਆਪਣੇ ਪਤੀ ਨਾਲ ਲਾੜੀ ਦੇ ਰੂਪ ਵਿਚ ਯਿਸੂ ਨਾਲ ਜੁੜਿਆ ਹੈ। ਪਤੀ ਬੇਵਫ਼ਾ ਪਤਨੀ ਨੂੰ ਤਲਾਕ ਦੇ ਸਕਦਾ ਹੈ (ਮੱਤੀ 19:9), ਅਤੇ ਯਿਸੂ ਉਨ੍ਹਾਂ ਮਸੀਹੀ ਲੋਕਾਂ ਨਾਲੋਂ ਜਿਹੜੇ ਉਹਦੇ ਵਫ਼ਾਦਾਰ ਨਹੀਂ ਹਨ, ਆਪਣਾ ਨਾਤਾ ਤੋੜ ਲਵੇਗਾ (ਯੂਹੰਨਾ 15:4–6)। ਯਿਸੂ ਦੇ ਲਹੂ ਦੀ ਸਿੱਧ ਕਰਨ ਵਾਲੀ ਸਮਰੱਥਾ ਦੇ ਕਾਰਣ ਉਨ੍ਹਾਂ ਨੂੰ ਜਿਹੜੇ ਨਿਹਚਾ ਵਿਚ ਬਣੇ ਰਹਿੰਦੇ ਹਨ ਭਰੋਸਾ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਲਾੜੇ ਵੱਲੋਂ ਆਨੰਦ ਨਾਲ ਲਾੜੀ ਨੂੰ ਕਬੂਲ ਕਰਨ ਵਾਂਗ, ਯਿਸੂ ਵੱਲੋਂ ਕਬੂਲ ਕਰ ਲਿਆ ਜਾਵੇਗਾ।

**ਨਿਹਚਾ ਵਿਚ ਬਣੇ ਰਹੋ (1:23)**

ਖ਼ੁਦਾ ਅੱਗੇ ਸਾਡਾ ਨਿਰਦੋਸ਼ ਪੇਸ਼ ਕੀਤਾ ਜਾਣਾ ਯਿਸੂ ਦੇ ਕੰਮ ਅਤੇ ਸਾਡੀ ਵਫ਼ਾਦਾਰੀ ਤੇ ਨਿਰਭਰ ਹੈ। ਇਹ ਸੰਕੇਤ ਦੇਣ ਲਈ ਕਿ ਖ਼ੁਦਾ ਨਾਲ ਸਾਡਾ ਖਲੋਣਾ ਸ਼ਰਤ ਰਹਿਤ ਹੈ, ਪੌਲੁਸ ਨੇ ''ਜੇ'' ਸ਼ਬਦ ਦੀ ਵਰਤੋਂ ਕੀਤੀ (ਆਇਤ 23)। ਸਾਨੂੰ ਇਹ ਸਮਝਾਉਣ ਲਈ ਕਿ ਅਸੀਂ ਬਚਾਏ ਜਾਣਾ ਚਾਹੁੰਦੇ ਹਾਂ ਤਾਂ ਸਾਨੂੰ ਨਿਹਚਾ ਵਿਚ ਬਣੇ ਰਹਿਣਾ ਜ਼ਰੂਰੀ ਹੈ, ਯਿਸੂ ਅਤੇ ਨਵੇਂ ਨੇਮ ਦੇ ਲੇਖਕਾਂ ਵੱਲੋਂ ਕਈ ਚਿਤਾਵਨੀਆਂ ਦਿੱਤੀਆਂ ਗਈਆਂ ਹਨ।

ਖ਼ੁਦਾ ਦੀਆਂ ਬਰਕਤਾਂ ਹਾਸਲ ਕਰਨ ਲਈ ਸਾਡੇ ਲਈ ...

- ਯਿਸੂ ਦੇ ਚੇਲੇ ਬਣਨ ਵਾਸਤੇ ਉਸ ਦੇ ਵਚਨ ਵਿਚ ਬਣੇ ਰਹਿਣਾ ਅਤੇ ਅਜ਼ਾਦ ਹੋਣ ਲਈ ਸਚਿਆਈ ਨੂੰ ਜਾਣਨਾ ਜ਼ਰੂਰੀ ਹੈ (ਯੂਹੰਨਾ 8:31, 32)।
- ਯਿਸੂ ਵਿਚ ਬਣੇ ਰਹਿਣਾ ਅਤੇ ਉਹਦੇ ਲਈ ਫਲ਼ ਲਿਆਉਣਾ ਜ਼ਰੂਰੀ ਹੈ (ਯੂਹੰਨਾ 15:2–6)।
- ਉਹਦੇ ਪ੍ਰੇਮ ਵਿਚ ਬਣੇ ਰਹਿਣ ਲਈ ਉਹ ਦੇ ਹੁਕਮਾਂ ਨੂੰ ਮੰਨਣਾ ਜ਼ਰੂਰੀ ਹੈ (ਯੂਹੰਨਾ 15:9, 10)।

- ਮਹਿਮਾ, ਆਦਰ ਅਤੇ ਹਮੇਸ਼ਾ ਦੀ ਜ਼ਿੰਦਗੀ ਪਾਉਣ ਲਈ ਭਲਿਆਈ ਕਰਨ ਵਿਚ ਲੱਗੇ ਰਹਿਣਾ ਜ਼ਰੂਰੀ ਹੈ (ਰੋਮੀਆਂ 2:7)।
- ਖ਼ੁਦਾ ਦੀ ਦਿਆਲਤਾ ਵਿਚ ਬਣੇ ਰਹਿਣਾ ਜ਼ਰੂਰੀ ਹੈ (ਰੋਮੀਆਂ 11:22)।
- ਪਵਿੱਤਰ, ਨਿਰਦੋਸ਼ ਅਤੇ ਬੇਇਲਜ਼ਾਮ ਪੇਸ਼ ਹੋਣ ਲਈ ਨਿਹਚਾ ਵਿਚ ਬਣੇ ਰਹਿਣਾ ਜ਼ਰੂਰੀ ਹੈ (ਕੁਲੁੱਸੀਆਂ 1:22, 23)।
- ਮੁਕਤੀ ਨੂੰ ਪੱਕਾ ਕਰਨ ਲਈ ਮਸੀਹ ਦੀਆਂ ਸਿੱਖਿਆਵਾਂ ਵਿਚ ਬਣੇ ਰਹਿਣਾ ਜ਼ਰੂਰੀ ਹੈ (1 ਤਿਮੋਥਿਉਸ 4:16)।
- ਉਹ ਦਾ ਘਰਾਣਾ ਮੰਨੇ ਜਾਣ ਲਈ ਆਪਣੀ ਨਿਹਚਾ ਅਤੇ ਆਸ ਨੂੰ ਥੰਮੀ ਰੱਖਣਾ ਜ਼ਰੂਰੀ ਹੈ (ਇਬਰਾਨੀਆਂ 3:6)।
- ਮਸੀਹ ਦੇ ਭਾਈਵਾਲ ਹੋਣ ਲਈ ਅਖ਼ੀਰ ਤਕ ਆਪਣੇ ਭਰੋਸੇ ਨੂੰ ਕਾਇਮ ਰੱਖਣਾ ਜ਼ਰੂਰੀ ਹੈ (ਇਬਰਾਨੀਆਂ 3:14–16)।
- ਬਰਕਤ ਪਾਉਣ ਲਈ ਅਜ਼ਾਦੀ ਦੀ ਸ਼ਰ੍ਹਾ ਵਿਚ ਬਣੇ ਰਹਿਣਾ ਜ਼ਰੂਰੀ ਹੈ (ਯਾਕੂਬ 1:25)।
- ਪਿਤਾ ਅਤੇ ਪੁੱਤਰ ਨੂੰ ਪਾਉਣ ਲਈ ਯਿਸੂ ਦੀਆਂ ਸਿੱਖਿਆਵਾਂ ਵਿਚ ਬਣੇ ਰਹਿਣਾ ਜ਼ਰੂਰੀ ਹੈ (2 ਯੂਹੰਨਾ 9)।

ਸਾਨੂੰ ਨਿਹਚਾ ਤੋਂ ਡਿੱਗਣ ਦੇ ਖ਼ਿਲਾਫ਼ ਵੀ ਚਿਤਾਵਨੀ ਦਿੱਤੀ ਗਈ ਹੈ। ਬੀਜਣ ਵਾਲੇ ਦੇ ਦ੍ਰਿਸ਼ਟਾਂਤ ਵਿਚ ਯਿਸੂ  ਨੇ ਅਜ਼ਮਾਇਸ਼ਾ ਦੇ ਕਾਰਣ ਡਿੱਗ ਜਾਣ ਦੀ ਗੱਲ ਕੀਤੀ (ਲੂਕਾ 8:13)। ਪੌਲੁਸ ਆਪਣੀ ਦੇਹ ਨੂੰ ਮਾਰਦਾ ਕੁੱਟਦਾ ਸੀ ਤਾਂ ਜੋ ਉਹ ਕਿਤੇ ਅਯੋਗ ਨਾ ਹੋ ਜਾਵੇ (1 ਕੁਰਿੰਥੀਆਂ 9:27)। ਉਹ ਨੇ ਨਿਹਚਾ ਤੋਂ ਗਿਰਨ ਦੇ ਖ਼ਿਲਾਫ਼ ਚਿਤਾਵਨੀ ਦੇਣ ਲਈ ਇਸਰਾਏਲ ਦੀ ਉਦਾਹਰਣ ਦਿੱਤੀ (1 ਕੁਰਿੰਥੀਆਂ 10:6–12; ਇਬਰਾਨੀਆਂ 4:11)। ਮਸੀਹੀ ਲੋਕ ਐਨੇ ਦੂਰ ਜਾ ਸਕਦੇ ਹਨ ਕਿ ਉਹ ਖ਼ੁਦਾ ਵੱਲ ਮੁੜ ਨਾ ਸਕਣ (ਇਬਰਾਨੀਆਂ 6:6)।

ਲਿਖਤ ਦੱਸਦੀ ਹੈ ਕਿ ਅਸੀਂ ਖ਼ੁਦਾ ਦੀ ਕਿਰਪਾ ਤੋਂ (ਗਲਾਤੀਆਂ 5:4) ਅਤੇ ਆਪਣੀ ਨਿਹਚਾ ਤੋਂ (1 ਤਿਮੋਥਿਉਸ 4:1) ਡਿੱਗ ਸਕਦੇ ਹਾਂ। ਆਪਣੀ ''ਸਹੁੰ'' ਤੋਂ ਫਿਰ ਜਾਣਾ ਇਕ ਹੋਰ ਤਰੀਕਾ ਹੈ ਜਿਸ ਨਾਲ ਅਸੀਂ ਡਿੱਗ ਸਕਦੇ ਹਾਂ (1 ਤਿਮੋਥਿਉਸ 5:12)। ਸਾਨੂੰ ਸਚਿਆਈ ਵਿਚ ਬਣੇ ਰਹਿਣ ਦੀ ਲੋੜ ਹੈ ਨਾ ਕਿ ਇਸ ਤੋਂ ਮੂੰਹ ਫੇਰ ਲੈਣ ਦੀ।

ਖ਼ੁਦਾ ਵੱਲੋਂ ਇਨਾਮ ਪਾਉਣ ਲਈ ਸਾਨੂੰ ਅਖ਼ੀਰ ਤਕ ਸਹਿੰਦੇ ਰਹਿਣਾ (ਮੱਤੀ 24:13), ਥੱਕਣਾ ਨਹੀਂ (ਗਲਾਤੀਆਂ 6:9), ਆਪਣੀ ਮੁਕਤੀ ਲਈ ਮਿਹਨਤ ਕਰਨਾ (ਫ਼ਿਲਿੱਪੀਆਂ 2:12), ਯਿਸੂ ਦੀ ਗੱਲ ਮੰਨਣਾ (ਇਬਰਾਨੀਆਂ 5:9), ਮਰਨ ਤੋੜੀ ਵਫ਼ਾਦਾਰ ਰਹਿਣਾ (ਪ੍ਰਕਾਸ਼ ਦੀ ਪੋਥੀ 2:10), ਸੰਸਾਰ ਤੋਂ ਹਾਰ ਨਾ ਮੰਨਣਾ (2 ਪਤਰਸ 2:20), ਅਤੇ ਖ਼ੁਦਾ ਦੀ ਇੱਛਾ ਨੂੰ ਮੰਨਣਾ (1 ਯੂਹੰਨਾ 2:15–17) ਜ਼ਰੂਰੀ ਹੈ। ਸਾਨੂੰ ਜ਼ਿੰਦਗੀ ਦੀ ਕਿਤਾਬ ਵਿੱਚੋਂ ਆਪਣੇ ਨਾਵਾਂ ਨੂੰ ਮਿਟਾਏ ਜਾਣ ਤੋਂ ਰੋਕਣ ਲਈ ਜ਼ਿੰਦਗੀ ਦੀਆਂ ਬੁਰਿਆਈਆਂ ਉੱਤੇ ਜਿੱਤ ਪਾਉਣਾ ਜ਼ਰੂਰੀ ਹੈ (ਪ੍ਰਕਾਸ਼ ਦੀ ਪੋਥੀ 3:5)। ਜਿਨ੍ਹਾਂ ਦੇ ਨਾਂਅ ਜ਼ਿੰਦਗੀ ਦੀ ਕਿਤਾਬ ਵਿਚ ਨਹੀਂ ਲਿਖੇ ਗਏ ਹਨ ਉਨ੍ਹਾਂ ਨੂੰ ਅੱਗ ਵਿਚ ਸੁੱਟ ਦਿੱਤਾ ਜਾਵੇਗਾ (ਪ੍ਰਕਾਸ਼ ਦੀ ਪੋਥੀ 20:15)।

ਮਸੀਹੀ ਲੋਕਾਂ ਨੂੰ ਨਿਹਚਾ ਤੋਂ ਡਿੱਗਣ ਅਤੇ ਗੁਆਚ ਜਾਣ ਦੇ ਖ਼ਿਲਾਫ਼ ਚੌਕਸੀ ਕਰਨੀ ਚਾਹੀਦੀ ਹੈ। ਹਮੇਸ਼ਾ ਦੇ ਰਾਜ ਵਿਚ ਦਾਖ਼ਲਾ ਪੱਕਾ ਕਰਨ ਲਈ ਸਾਡੇ ਲਈ ਆਪਣੀ ਨਿਹਚਾ ਵਿਚ ਕੁਝ ਖ਼ੂਬੀਆਂ ਨੂੰ ਜੋੜਨਾ ਜ਼ਰੂਰੀ ਹੈ (2 ਪਤਰਸ 1:5–11)। ਜੇ ਅਸੀਂ ਇਨ੍ਹਾਂ ਚੀਜ਼ਾਂ ਉੱਤੇ ਇਸ ਤਰ੍ਹਾਂ ਕਰਾਂਗੇ ਤਾਂ ਅਸੀਂ ਡਿੱਗਾਂਗੇ ਨਹੀਂ।

ਯਿਸੂ ਨੇ ਸਾਡੇ ਉੱਤੇ ਕਿਸੇ ਇਲਜ਼ਾਮ ਦੇ ਬਗੈਰ ਸਾਨੂੰ ਖ਼ੁਦਾ ਦੀ ਹਜ਼ੂਰੀ ਵਿਚ ਪੇਸ਼ ਕੀਤੇ ਜਾਣ ਨੂੰ ਸੰਭਵ ਬਣਾ ਦਿੱਤਾ ਹੈ। ਪਰ ਉਹਦੇ ਲਈ ਅਜਿਹਾ ਕਰਨ ਵਾਸਤੇ ਸਾਡਾ ਨਿਹਚਾ ਵਿਚ ਬਣੇ ਰਹਿਣਾ ਜ਼ਰੂਰੀ ਹੈ। ਜੇ ਅਸੀਂ ਖ਼ੁਦਾ ਦੇ ਜ਼ਿੰਦਗੀ ਦੇ ਰਾਹ ਤੇ ਨਹੀਂ ਚੱਲਦੇ ਹਾਂ ਤਾਂ ਸਾਨੂੰ ਕੱਢ ਦਿੱਤਾ ਜਾਵੇਗਾ; ਜੇ ਅਸੀਂ ਉਹ ਦੇ ਮਗਰ ਚੱਲਦੇ ਹਾਂ ਤਾਂ ਅਸੀਂ ਡਿੱਗਾਂਗੇ ਨਹੀਂ (ਯੂਹੰਨਾ 15:6; ਰੋਮੀਆਂ 11:22)।

---

ਟਿੱਪਣੀਆਂ

[1]ਡੇਵਿਡ ਐਮ. ਹੇਅ, *ਕੋਲੋਸੀਅੰਜ਼,* ਅਬਿੰਗਡਨ ਨਿਊ ਟੈਸਟਾਮੈਂਟ ਕਮੈਂਟਰੀਜ਼ (ਨੈਸ਼ਵਿੱਲ: ਅਬਿੰਗਡਨ ਪ੍ਰੈੱਸ, 2000), 68. [2]ਅਫ਼ਸੀਆਂ 4:5; ਫ਼ਿਲਿੱਪੀਆਂ 1:27; 2:17; 1 ਤਿਮੋਥਿਉਸ 1:2; 3:9; 4:1; 5:8; 6:10, 21; 2 ਤਿਮੋਥਿਉਸ 3:8; 4:7; ਤੀਤੁਸ 1:1, 13; ਇਬਰਾਨੀਆਂ 12:2; ਯਹੂਦਾ 3 ਸਣੇ ਕਈ ਹੋਰ ਆਇਤਾਂ ਵਿਚ ‘‘ਨਿਹਚਾ’’ ਦੀ ਵਰਤੋਂ ਇਸੇ ਅਰਥ ਵਿਚ ਕੀਤੀ ਗਈ ਹੈ।